# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

## ਗੁਰਦੁਆਰਾ ਸਾਹਿਬ ਮਨੀਕਰਣ (ਹਿਮਾਚਲ ਪ੍ਰਦੇਸ)

ਸਤੰਬਰ ੧੯੮੧



SEP 1981

ਸਾਹਮਣੇ 'ਗੁਰੂ ਨਾਨਕ ਤਲਾਬ' ਦਾ ਦ੍ਰਿਸ਼ ਹੈ। ਇਸ ਗਰਮ ਪਾਣੀ ਦੇ ਕੁੰਡ ਵਿਚ ਲੰਗਰ ਪਕ ਜਾਂਦਾ ਹੈ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤ ਤ ਕ ਰਾ


| | | |
|---|---|---|
| ਗੁਰਬਾਣੀ ਦੇ ਹੁਕਮ ਅਤੇ ਵਿਆਖਿਆ | ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ | ੩ |
| ਸੂਖਮ ਦੁਨੀਆ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੫ |
| ਹਿਮਾਚਲ ਪ੍ਰਦੇਸ ਦੇ ਗੁਰਧਾਮਾਂ ਦੀ ਯਾਤਰਾ | ਭਾਈ ਸਾਹਿਬ ਮੇਹਰ ਸਿੰਘ ਜੀ | ੧੧ |
| ਰਹਿਣੀ ਰਹੇ ਸੋਈ ਸਿਖ ਮੇਰਾ | ਪ੍ਰੋਫੈਸਰ ਸਾਹਿਬ ਸਿੰਘ ਜੀ | ੧੯ |
| ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ | ਬੀਬੀ ਜੋਗਿੰਦਰ ਕੌਰ ਜੀ | ੨੧ |
| ਸਲੋਕ ਸਹਸਕ੍ਰਿਤੀ (੭) ਅਰਥ ਵਿਚਾਰ | ਭਾਈ ਜੁਗਿੰਦਰ ਸਿੰਘ ਜੀ ਤਲਵਾੜਾ | ੨੩ |
| ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੩੪) | ਕੈਪਟਨ ਸਵਰਨ ਸਿੰਘ ਜੀ | ੨੭ |
| ਭਾ: ਸਾ: ਭਾ: ਰਣਧੀਰ ਸਿੰਘ ਸਕਾਲਰਸ਼ਿਪ | ਜਥੇਦਾਰ ਅਖੰਡ ਕੀਰਤਨੀ ਜਥਾ | ੩੪ |
| ਵਾਧੂ ਮਤਿਆਂ ਤੇ ਵਾਧੂ ਬਿਆਨ-ਬਾਜ਼ੀ ਤੋਂ ਬਚੋ | ,, ,, ,, | ੩੫ |
| ਬਿਰਧ ਬੀੜਾਂ ਦਾ ਸਸਕਾਰ | ਜਨਰਲ ਸਕੱਤ੍ਰ, ਧੌਬੜੀ ਸਾਹਿਬ | ੩੫ |
| ਯੂ. ਕੇ. ਵਾਸੀਆਂ ਲਈ ਤਿੰਨ ਜ਼ਰੂਰੀ ਬੇਨਤੀਆਂ | ਭਾਈ ਮਦਨ ਸਿੰਘ ਜੀ ਯੂ. ਕੇ. | ੩੬ |
| ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ | ਬੀਬੀ ਦਲਜੀਤ ਕੌਰ ਜੀ | ੩੭ |
| ਹੋਮ ਆਫ਼ਿਸ ਯੂ. ਕੇ. ਦੀ ਚਿੱਠੀ (ਹਵਾਈ ਸਫ਼ਰ ਬਾਰੇ) | | ੪੦ |


| | | | |
|---|---|---|---|
| ਸ੍ਰੀ ਗੁਰੂ ਰਾਮ ਦਾਸ ਜੀ ਜੋਤੀ ਜੋਤਿ | ੧ ਸਤੰਬਰ | ਸ੍ਰੀ ਗੁਰੂ ਰਾਮਦਾਸ ਗੁਰਿਆਈ | ੧੨ ਸਤੰਬਰ |
| ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ | ੧੪ ,, | ਸ੍ਰੀ ਗੁਰੂ ਅੰਗਦ ਸਾਹਿਬ ਗੁਰਿਆਈ | ੧੮ ,, |
| ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ | ੧੨ ,, | | |

## *ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਕੀਰਤਨ ਤੇ ਅਖੰਡਪਾਠ ਸਮਾਗਮ*

ਭਾਈ ਗੁਰਨਾਮ ਸਿੰਘ ਜੀ ਜਨਰਲ ਸਕੱਤਰ ਰੈਡਿੰਗ ਤੋਂ ਭੇਜਦੇ ਹਨ–

5 ਸਤੰਬਰ 81 ਰਾਤ ਰੈਣ ਸਬਾਈ ਕੀਰਤਨ–ਗੁਰਦਵਾਰਾ ਗੁਰੂ ਨਾਨਕ ਰਾਮਗੜ੍ਹੀਆ ਐਸੋਸੀਏਸ਼ਨ, 27–ਓਟਾਗੋ ਸਟਰੀਟ, ਕੈਲਬਿਨ ਬ੍ਰਿਜ, ਗਲਾਸਗੋ, ਫ਼ੋਨ 041-334-9125

ਪੁਛ ਗਿਛ--ਬੀਬੀ ਮਨਮੋਹਨ ਕੋਰ ਜੀ ਫ਼ੋਨ 041-334-4470

20 ਸਤੰਬਰ 81 ਸਵੇਰੇ ਭੋਗ ਸ੍ਰੀ ਅਖੰਡ ਪਾਠ, ਉਪਰੰਤ ਅਖੰਡ ਕੀਰਤਨ–ਭਾਈ ਸੋਹਨ ਸਿੰਘ ਜੀ,
218 Wrexam Road, Slough, Bucks,
ਫੋਨ 0753-30624 & 0753-76246, 34368

10 ਅਕਤੂਬਰ ਰਾਤ ਰੈਣ ਸਬਾਈ ਕੀਰਤਨ – ਗੁਰਦੁਆਰਾ ਗੁਰੂ ਨਾਨਕ, ਹਾਈ ਸਟਰੀਟ, ਬਿਰਮਿੰਘਮ,
ਫ਼ੋਨ 021-558-2527

ਪੁਛ ਗਿਛ–ਭਾਈ ਜੋਗਿੰਦਰ ਸਿੰਘ ਪਰਮਜੀਤ ਸਿੰਘ ਫੋਨ 021-558-6872

(4) ਭਾਈ ਸਾਹਿਬ ਜੀਵਨ ਸਿੰਘ ਜੀ ਗੁਰੂ ਘਰ ਦੇ ਨਿਰਮਾਣ ਕੀਰਤਨੀ ਜਥੇ ਸਮੇਤ ਯੂ. ਕੇ. ਪੁਜ ਗਏ ਹਨ । ਸੰਗਤਾਂ ਕੀਰਤਨ ਸ੍ਰਵਣ ਕਰ ਕੇ ਲਾਹੇ ਪ੍ਰਾਪਤ ਕਰਨ ।

ਪੁਛ ਗਿਛ–ਭਾਈ ਜੋਗਾ ਸਿੰਘ ਜੀ ਸਾਊਥਹਾਲ ਫੋਨ 01-571-1726
ਭਾਈ ਗੁਰਨਾਮ ਸਿੰਘ ਜੀ ਰੈਡਿੰਗ ਫੋਨ 01-843-9434

ਲਾਕਟ ਪ੍ਰਿੰਟਰਜ, ਬਜ਼ਾਰ ਬਾਬਾ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧. ੯. ੮੧ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫੋਨ ਨੰਬਰ : 51847 ਘਰ : 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

| | |
|---|---|
| ਸਾਲਾਨਾ ਚੰਦਾ | ੧੦-੦੦ |
| ਇਕ ਪਰਚਾ | ੧-੦੦ |

ਪਰਦੇਸ

| | |
|---|---|
| ਸਮੰਦਰੀ ਡਾਕ | ੨੫-੦੦ |

ਹਵਾਈ ਡਾਕ

| | |
|---|---|
| ਅਰਬ, ਮਲਾਇਆ | ੪੦-੦੦ |
| ਯੂ. ਕੇ., ਅਫ਼ਰੀਕਾ | ੫੫-੦੦ |
| ਕੈਨੇਡਾ, ਅਮਰੀਕਾ | ੬੫-੦੦ |



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ



**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੫ ਸਤੰਬਰ ੧੯੮੧ ਅੰਕ ੯


## ਗੁਰਬਾਣੀ ਦੇ ਹੁਕਮ

(੧) ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥
ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥੧॥
[ਸੋਰਠਿ ਮਹਲਾ ੩, ਪੰਨਾ ੬੦੧-੦੨

(੨) ਫਰੀਦਾ ਜੇ ਤੂੰ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਵੇਖੁ ॥੬॥ (੧੩੭੮)

(੩) ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥੧॥੨॥
[ਸੂਹੀ ਮਹਲਾ ੧, ਪੰਨਾ ੭੨੮

(੪) ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥
ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩੦॥

ਵਿਆਖਿਆ ਅਗਲੇ ਪੰਨੇ ਤੇ ਵੇਖੋ] [ਸਲੋਕ ਫਰੀਦ ਜੀ, ਪੰਨਾ ੧੩੮੪



www.AKJ.Org

# ਗੁਰਬਾਣੀ ਦੇ ਹੁਕਮ

ਗੁਰਸਿਖਾਂ ਪ੍ਰਤੀ ਗੁਰਬਾਣੀ ਦੇ ਕੁਝ ਹੁਕਮ ਪੰਨਾ ੩ ਉਪਰ ਦਿਤੇ ਗਏ ਹਨ, ਜਿਨ੍ਹਾਂ ਦੀ ਹੇਠਾਂ ਵਿਆਖਿਆ ਦਿਤਾ ਜਾਂਦੀ ਹੈ।

(੧) ਜਿਹੜਾ ਪ੍ਰਾਣੀ ਗੁਰੂ ਕੇ ਭਾਣੇ ਵਿਚ ਆਉਂਦਾ ਹੈ, ਗੁਰੂ ਦੇ ਹੁਕਮ ਵਿਚ ਚਲਦਾ ਹੈ, ਓਹੋ ਹੀ ਸਹੀ ਅਰਥਾਂ ਵਿਚ ਗੁਰੂ ਕਾ ਸਿਖ ਹੈ, ਸਖਾ ਹੈ ਅਤੇ ਰਿਸ਼ਤੇਦਾਰ ਹੈ। ਪਰ ਜਿਹੜਾ ਆਪਣੇ ਭਾਣੇ ਵਿਚ ਚਲਦਾ ਹੈ, ਆਪਣੇ ਮਨ ਦੀ ਮਰਜ਼ੀ ਮਗਰ ਤੁਰਦਾ ਹੈ, ਉਹ ਸਤਿਗੁਰੂ ਤੋਂ ਵਿਛੜ ਕੇ, ਮਨਮੁਖ ਬਣ ਕੇ ਜਮ ਦੀਆਂ ਚੋਟਾਂ ਖਾਂਦਾ ਹੈ। ਸਤਿਗੁਰੂ ਦਾ ਹੁਕਮ ਮੰਨੇ ਤੋਂ ਬਿਨਾਂ ਜੀਵ ਕਦੇ ਸੁਖ ਪਾ ਹੀ ਨਹੀਂ ਸਕਦਾ। ਅਜਿਹਾ ਵੇਮੁਖ ਮੁੜ ਮੁੜ ਜੂਨੀਆਂ ਵਿਚ ਆਂਦਾ ਜਾਂਦਾ ਪਛਤਾਂਦਾ ਹੈ।

ਸਤਿਗੁਰੂ ਜੀ ਦਾ ਸਿਖਾਂ ਪ੍ਰਤੀ ਜੋ ਹੁਕਮ ਹੈ ਉਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਸਿਰੀ ਰਾਗ ਵਿਚ ਇਉਂ ਸਪੱਸ਼ਟ ਫੁਰਮਾਉਂਦੇ ਹਨ—

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥ (੭੨)

ਇਕੋ 'ਨਾਮ' ਦੀ ਪ੍ਰਾਪਤੀ ਹੀ ਹੁਕਮਾਂ ਸਿਰ ਹੁਕਮ ਹੈ। ਅਤੇ ਇਹ ਨਾਮ ਪ੍ਰਾਪਤ ਹੁੰਦਾ ਹੈ ਸਤਿਗੁਰੂ ਪਾਸੋਂ। ਸਤਿਗੁਰੂ ਹੀ ਨਾਮ ਦੀ ਸੋਝੀ ਬਖਸ਼ਦੇ ਹਨ। ਇਸ ਨਾਮ-ਅੰਮ੍ਰਿਤ ਦੀ ਪ੍ਰਾਪਤੀ ਗੁਰੂ ਜੀ ਦੀ ਤਾਬਿਆ ਵਿਚ ਗੁਰਮੁਖ ਪੰਚ ਜਨਾਂ ਤੋਂ, ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਹੁੰਦੀ ਹੈ। ਸਤਿਗੁਰੂ ਦੀ ਬਖਸ਼ਸ਼ ਨਾਲ ਹੀ ਪੰਜਾਂ ਪਿਆਰਿਆਂ ਰਾਹੀਂ ਨਾਮ-ਅੰਮ੍ਰਿਤ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਨਾਮ-ਅੰਮ੍ਰਿਤ ਦਾ ਫਲੀਭੂਤ ਹੋਣਾ ਵੀ ਬਖਸ਼ਸ਼ ਹੈ ਬਖਸ਼ਸ਼। ਇਸ ਬਖਸ਼ਸ਼ ਦੀ ਪ੍ਰਾਪਤੀ ਲਈ ਸਿਖ ਨੇ ਨਿਤ ਅੰਮ੍ਰਿਤ ਵੇਲੇ ਉਠ ਕੇ ਉਦਮ ਕਰਨਾ ਹੈ। ਨਾਮ ਦੀ ਕਮਾਈ ਨਿਤਾਪ੍ਰਤ ਕਰਨੀ ਹੈ ਅਤੇ ਕਰਦੇ ਹੀ ਜਾਣੀ ਹੈ।

ਸਤਿਗੁਰੂ ਦੀ ਬਖਸ਼ਸ਼ ਪ੍ਰਾਪਤ ਕਰਨ ਲਈ ਗੁਰਸਿਖ ਨੇ ਅਗੇ ਦਿਤੇ ਗੁਰਬਾਣੀ ਦੇ ਹੁਕਮਾਂ ਅਨੁਸਾਰ ਆਪਣੇ ਜੀਵਨ ਨੂੰ ਢਾਲਣਾ ਹੈ ਅਤੇ ਇਨ੍ਹਾਂ ਹੁਕਮਾਂ ਤੇ ਅਮਲ ਕਰਨਾ ਹੈ—

(੨) ਬਾਬਾ ਫਰੀਦ ਜੀ ਕਹਿੰਦੇ ਹਨ, ਸਜਨਾ! ਜੇ ਤੂੰ ਡੂੰਘੀ ਸੋਝੀ ਵਾਲਾ ਹੈਂ ਤਾਂ ਕਿਸੇ ਦੀ ਨਿੰਦਿਆ ਨਾ ਕਰ, ਦੂਜਿਆਂ ਦੀ ਨਿੰਦਿਆ ਕਰ ਕਰ ਕੇ ਪਾਪ-ਕਰਮ ਨਾ ਇਕੱਠੇ ਕਰ, ਸਗੋਂ ਆਪਣੀ ਬੁਕਲ ਵਿਚ ਝਾਤੀ ਮਾਰ, ਆਪਣੇ ਅੰਦਰ ਵੇਖ ਕਿ ਤੇਰੇ ਵਿਚ ਕਿੰਨੇ ਅਵਗੁਣ ਹਨ। ਆਪਣੇ ਅਉਗੁਣਾਂ ਨੂੰ ਦੂਰ ਕਰ।

(੩) ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਉਪਦੇਸ਼ ਦੇਂਦੇ ਹਨ, ਭਾਈ ਪਿਆਰਿਆ! ਜੇ ਸੰਸਾਰ-ਸਾਗਰ ਤੋਂ ਤਰਨਾ ਹਈ ਤਾਂ ਆਪਣੀ ਦ੍ਰਿਸ਼ਟੀ ਬਦਲ ਅਤੇ ਕਿਸੇ ਨੂੰ ਵੀ ਬੁਰਾ ਨਾ ਆਖ, ਸਗੋਂ ਹਮੇਸ਼ਾ ਆਪਣੇ ਅੰਦਰ ਇਹੋ ਖਿਆਲ ਰਖ ਕਿ ਮੇਰੇ ਵਿਚ ਕੋਈ ਚੰਗਿਆਈ ਨਹੀਂ, ਮੇਰੇ ਵਿਚ ਕੋਈ ਗੁਣ ਨਹੀਂ। ਇਸੇ ਵਿਚਾਰ ਨੂੰ ਨਿਰੰਕਾਰੀ ਪਿਤਾ ਸ੍ਰੀ ਜਪੁਜੀ ਵਿਚ ਦਰਸਾਉਂਦੇ ਹਨ— ਸਭਿ ਗੁਣ ਤੇਰੇ, ਮੈ ਨਾਹੀ ਕੋਇ ॥੨੧॥

(੪) ਅਗਲੇ ਹੁਕਮ ਵਿਚ ਫਿਰ ਇਕ ਬੜੀ ਵਿਚਾਰ ਵਾਲੀ ਗੱਲ ਹੈ ਕਿ ਹੇ ਪ੍ਰਾਣੀ! ਜੇ ਪ੍ਰਭੂ ਮਿਲਣ ਦੀ ਸਿਕ ਹੈ ਤਾਂ ਆਪਣੇ ਫਿਕੇ ਬਚਨਾਂ ਨਾਲ, ਕੌੜੇ ਬੋਲ ਬੋਲ ਕੇ, ਕਿਸੇ ਵੀ ਜੀਅ ਮਾਤ੍ਰ ਦਾ ਦਿਲ ਨਾ ਦੁਖਾ, ਕਿਉਂਕਿ ਹਰੇਕ ਜੀਵ ਵਿਚ ਉਸ ਪ੍ਰਭੂ ਦਾ ਵਾਸਾ ਹੈ। ਜੇ ਤੂੰ ਕਿਸੇ ਜੀਵ ਨੂੰ ਦੁਖਾਵੇਂ ਬਚਨ ਬੋਲੇਂਗਾ ਤਾਂ ਉਹ ਕੌੜੇ ਬਚਨ ਪ੍ਰਭੂ ਨੂੰ ਪ੍ਰਸੰਨ ਨਹੀਂ ਕਰ ਸਕਦੇ। ਇਹ ਸਾਰੇ ਸਰੀਰ ਪ੍ਰਭੂ ਦੇ ਬਣਾਏ ਹੋਏ ਅਮੋਲਕ ਰਤਨ ਹਨ, ਇਸ ਲਈ ਪ੍ਰਭੂ-ਪ੍ਰਾਪਤੀ ਲਈ ਕਿਸੇ ਨੂੰ ਚੋਭਵੇਂ ਬਚਨ ਨਾ ਆਖ, ਕਿਸੇ ਦਾ ਹਿਰਦਾ ਨਾ ਦੁਖਾ।

ਬਸ, ਕੇਵਲ ਇਉਂ ਕੀਤਿਆਂ ਹੀ ਗੁਰਸਿਖੀ ਕਮਾਈ ਜਾ ਸਕਦੀ ਹੈ, ਗੁਰੂ ਦੇ ਹੁਕਮਾਂ ਤੇ ਅਮਲ ਕੀਤਾ ਜਾ ਸਕਦਾ ਹੈ ਅਤੇ ਨਾਮ ਦੀ ਕਮਾਈ ਫਲੀਭੂਤ ਹੋ ਸਕਦੀ ਹੈ।



www.AKJ.Org

# ਸੂਖਮ ਦੁਨੀਆ (ਚਰਨ ਕਮਲ ਕੀ ਮਉਜ)

(ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਜਿਨ੍ਹਾਂ ਨੂੰ ਦਿੱਬ ਦ੍ਰਿਸ਼ਟੀ ਲੋਇਣ ਗੁਰਪ੍ਰਸਾਦਿ ਕਰਿ ਪ੍ਰਾਪਤ ਨਹੀਂ ਹੋਏ, ਉਹਨਾਂ ਨੂੰ ਏਹਨਾਂ ਦਿੱਬ ਲਤੀਫ਼ੀ ਸੂਖਮ ਚਰਨ ਕੰਵਲਾਂ ਦਾ ਦਰਸਾਰ ਇਕ ਅਲੌਕਿਕ ਅਤੇ ਅਣ-ਹੋਣੀ ਗੱਲ ਪਰਤੀਤ ਹੁੰਦੀ ਹੈ। ਉਹ ਆਪਣੀ ਸਥੂਲ ਦ੍ਰਿਸ਼ਟੀ ਕਰਿ ਕੇਵਲ ਸਥੂਲ ਚਰਨਾਂ ਦਾ ਹੀ ਅਨੁਮਾਨ ਲਗਾ ਸਕਦੇ ਹਨ। ਸਥੂਲ ਦ੍ਰਿਸ਼ਟਮਾਨ ਪਸਾਰੇ ਤੋਂ ਪ੍ਰੰਦ (ਪਰੇ) ਉਹਨਾਂ ਨੂੰ ਹੋਰ ਕੋਈ ਸੂਖ਼ਮ ਦੁਨੀਆ ਨਹੀਂ ਦੀਹਦੀ। ਉਹ ਵਿਚਾਰੇ ਆਪਣੇ ਸਥੂਲ ਦ੍ਰਿਸ਼ਟੰਨੇ ਪੰਜ-ਭੂਤਕ ਪਸਾਰੜੀਏ ਅਲਪੱਗ ਤਜਰਬੇ ਅੰਦਰ ਆਈ ਸਚਾਈ ਤੇ ਬਾਹਰ ਹੋਰ ਕਿਸੇ ਅਦ੍ਰਿਸ਼ਟ ਪਦਾਰਥ ਦੀ ਅਜ਼ਗੈਬੀ ਹੋਂਦ ਵਾਲੀ ਸਚਾਈ ਨੂੰ ਨਹੀਂ ਮੰਨਦੇ। ਇਸ ਕਰਕੇ ਉਹ ਰਿਦੰਤਰ ਵਸਣਹਾਰੇ ਚਰਨਾਂ ਦੀ ਹੋਂਦ ਤੋਂ ਹੀ ਮੁਨਕਰ ਹੋ ਜਾਂਦੇ ਹਨ। ਮੰਨਦੇ ਹਨ ਤਾਂ ਅਲੰਕਾਰਕ ਸ਼ੁਸ਼ਕ-ਸਚਾਈ ਕਰਕੇ ਮੰਨਦੇ ਹਨ। ਤੱਤ ਪਰਮਾਰਥੀ ਦਿੱਬ ਦਰਸਾਰਿਆਂ ਦੇ ਪੇਖਨਹਾਰੇ, ਸਾਂਗੋ ਪਾਂਗ ਪੇਖਨਹਾਰੇ ਸਤਿ ਪੁਰਖ ਜੋ ਸਚਾਈ ਨਿਰੂਪਨ ਕਰਾਉਂਦੇ ਹਨ, ਓਹੀ ਕੇਵਲ ਓਹੀ ਸਚਾਈ ਹੀ ਸਤਿ ਹੈ, ਕਿਉਂਕਿ ਓਹ ਸਤਿ ਪੁਰਖ ਸੰਤ ਜਨ ਓਹੀ ਕੁਛ ਮੁਖੋਂ ਉਚਰਦੇ ਬੋਲਦੇ ਹਨ ਜੋ ਕੁਛ ਕਿ ਓਹ ਆਪਣੀ ਅੱਖੀਂ ਪਰਤੱਖ ਦੇਖਦੇ ਹਨ। ਇਸ ਪਰਥਾਇ ਇਹ ਗੁਰਵਾਕ ਖ਼ੂਬ ਘਟਦਾ ਫਬਦਾ ਹੈ :—

ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥੪॥੨੫॥੩੬॥

[ਰਾਮਕਲੀ ਮਹਲਾ ੫, ਪੰਨਾ ੯੮੪

ਤਾਂ ਤੇ ਓਹਨਾਂ ਦਾ ਚਰਨਾਰਬਿੰਦ-ਵਾਹਿਗੁਰੂ-ਚਰਨ-ਕੰਵਲ-ਨਿਰੂਪਨੀ ਤਜਰਬਾ ਸਤਿ ਹੈ, ਕਿਉਂਕਿ ਓਹਨਾਂ ਖ਼ੁਦ ਇਸ ਨੂੰ ਅਜ਼ਮਾਇਆ ਹੈ ਤੇ ਆਪਣੀਆਂ ਨਿਜ ਅੱਖੀਆਂ ਨਾਲ ਪੇਖਿਆ ਪਰਖਿਆ ਹੈ।

**ਅਕਾਲ ਪੁਰਖ ਦਾ ਦਰਸ਼ਨ—**

ਓਹਨਾਂ ਨੂੰ ਵਾਹਿਗੁਰੂ ਦੇ ਦਿੱਬ-ਜੋਤਿ-ਲਤੀਫ਼ ਸਰਿਸ਼ਤੀ ਚਰਨ ਕੰਵਲਾਂ ਦਾ ਨਜ਼ਾਰਾ ਪ੍ਰਗਟ ਪਹਾਰੇ ਜਾਪਦਾ ਹੈ। ਕੇਵਲ ਚਰਨ ਕੰਵਲ ਹੀ ਨਹੀਂ, ਦਿੱਬ-ਜੋਤ ਸੂਖਮੀ ਚਰਨਾਰਬਿੰਦ ਹੀ ਨਹੀਂ, ਸਗੋਂ ਉਹ ਤਾਂ ਵਾਹਿਗੁਰੂ ਦੇ ਮੁਖਾਰ-ਬਿੰਦ ਨੂੰ ਭੀ ਸਾਂਗੋ ਪਾਂਗ ਪਰਤੱਖ ਪੇਖਦੇ ਹਨ। ਜੈਸਾ ਕਿ ਇਸ ਗੁਰਵਾਕ ਅੰਦਰਿ ਨਿਰੂਪਨ ਹੈ:—

ਅਵਿਲੋਕਉ ਰਾਮ ਕੋ ਮੁਖਾਰਬਿੰਦ ॥ ਖੋਜਤ ਖੋਜਤ ਰਤਨੁ ਪਾਇਓ ਬਿਸਰੀ ਸਭ ਚਿੰਦ ॥੧॥ਰਹਾਉ॥
ਚਰਨ ਚਮਲ ਰਿਦੇ ਧਾਰਿ ਉਤਰਿਆ ਦੁਖੁ ਮੰਦ ॥੧॥ ਰਾਜੁ ਧਨੁ ਪਰਵਾਰੁ ਮੇਰੈ ਸਰਬਸੋ ਗੋਬਿੰਦ ॥
ਸਾਧ ਸੰਗਮਿ ਲਾਭੁ ਪਾਇਓ ਨਾਨਕ ਫਿਰਿ ਨ ਮਰੰਦ ॥੨॥੧੩॥੩੨॥

[ਕਾਨੜਾ ਮਹਲਾ ੫, ਪੰਨਾ ੧੩੦੪

ਪੇਖਨਹਾਰਾ ਗੁਰਮੁਖ ਸਤਿ ਪੁਰਖ ਸੰਤ ਜਨ ਵਾਹਿਗੁਰੂ ਦੇ ਮੁਖਾਰਬਿੰਦ ਦੀ ਸੋਭਾ ਪੇਖ ਕੇ ਪੁਕਾਰਿ ਪੁਕਾਰਿ ਉਚਾਰਨ ਕਰਦਾ ਹੈ ਕਿ ਮੈਂ ਰਮਤ ਰਮ ਵਾਹਿਗੂਰੂ ਦੇ ਮੁਖਾਰਬਿੰਦ (ਮੁਖ ਕੰਵਲ) ਨੂੰ ਪੁਨਹਿ ਪੁਨਹਿ ਪੇਖਦਾ ਹਾਂ, ਇਕ ਟਕ ਲਾ ਕੇ ਵਿਸ਼ੇਖ ਬਿਸਮ ਦ੍ਰਿਸ਼ਟੀ ਨਾਲ ਗਹੁ ਕਰ ਕੇ ਦੇਖਦਾ ਹਾਂ ਅਤੇ ਵੇਖਿ ਵੇਖਿ ਵਿਸਮਾਦ ਹੋ ਹੋ ਜਾਂਦਾ ਹਾਂ। ਇਸ ਬਿਸਮ-ਕ੍ਰਾਂਤੀ ਮੁਖਾਰਬਿੰਦ ਦਾ ਅਵਿਲੋਕਨ ਕਿਵੇਂ ਅਤੇ ਕਿਥੋਂ ਪ੍ਰਾਪਤ ਹੋਇਆ ? ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ, ਘਟ ਅੰਤਰਿ ਹੀ ਪਰਤੱਖ ਦਿਦਾਰਾ ਪ੍ਰਾਪਤ ਹੋਇਆ। ਸੁਆਸ ਅਭਿਆਸੀ ਰਸ-ਪਵਨ-ਵਿਗਾਸੀ ਨਾਮ ਦਾ ਬਿਲੋਵਨਾ ਬਿਲੋਇ ਬਿਲੋਇ ਇਸ ਪਾਰਸ ਰਸਾਇਣ ਨਾਮ ਅਭਿਆਸ ਕਮਾਈ ਦਾ ਇਹ ਚਮਤਕਾਰਿ ਰਿਦੰਤਰ ਹੀ ਅੰਕੂਰਤ ਹੋਇਆ ਕਿ ਇਹ ਨਾਮ,



www.AKJ.Org

ਜੋਤਿ-ਰਤਨ ਪਦਾਰਥੀ ਵਿਗਾਸ ਵਿਚ, ਘਟ ਅੰਤਰ ਹੀ ਪ੍ਰਤਿ-ਬਿੰਬਤ ਹੋ ਕੇ ਪ੍ਰਾਪਤ ਹੋਇਆ :–

ਪਾਇਆ ਲਾਲੁ ਰਤਨੁ ਮਨਿ ਪਾਇਆ ॥
ਤਨੁ ਸੀਤਲੁ ਮਨੁ ਸੀਤਲੁ ਥੀਆ ਸਤਿਗੁਰ ਸਬਦਿ ਸਮਾਇਆ ॥੧॥ਰਹਾਉ॥
ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ ॥
ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ ॥੧॥
ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ ॥
ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ ॥੨॥
ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ ॥
ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ ॥੩॥
ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ ॥
ਕਹੁ ਨਾਨਕ ਸਚੁ ਭਏ ਬਿਗਾਸਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ ॥੪॥੩॥੧੬੧॥

[ਗਉੜੀ ਮਾਲਾ ਮਹਲਾ ੫, ਪੰਨਾ ੨੧੫

ਇਸ ਲਾਲ ਰਤਨ ਦੇ ਪਾਉਣ ਕਰਿ ਤਨੁ ਮਨੁ ਸਭੁ ਸੀਤਲ ਹੋ ਗਿਆ। ਤ੍ਰਿਸ਼ਨਾ ਭੁਖ ਸਭ ਲਹਿ ਗਈ। ਚਿੰਤਾ ਸਾਰੀ ਦੂਰ ਹੋ ਗਈ ਅਤੇ ਰਿਦ ਅੰਤਰ ਹੀ ਤ੍ਰਿਪਤ ਹੋ ਕੇ ਐਸੇ ਰੱਜ ਗਏ ਕਿ ਫੇਰ ਤ੍ਰਿਸ਼ਨੁ ਤ੍ਰਿਖਾਤਰ ਹੋ ਕੇ ਭਰਮਣਾ ਡੋਲਣਾ ਸਭ ਚੁਕ ਗਿਆ। ਸਤਿਗੁਰੂ ਜੀ ਨੇ ਨਾਮ-ਨਿਧਾਨੀ ਐਸਾ ਅਖੁੱਟ ਖਜ਼ਾਨਾ ਬਖਸ਼ਿਆ ਹੈ ਕਿ ਜਿਸ ਦੀ ਕਦੇ ਤੋਟ ਨਹੀਂ ਆਉਂਦੀ ਤੇ ਜੋ ਨਾ ਕਦੇ ਮੁਕਦਾ ਹੈ। ਏਸ ਨਾਮ-ਨਿਧਾਨੀ ਬਰਕਤ ਦਾ ਇਕ ਹੋਰ ਅਚਰਜ ਕਉਤਕ ਇਹ ਵਰਤਿਆ ਹੈ ਕਿ ਇਸ ਨਾਮ-ਰਤਨ ਦੇ ਜੋਤਿ-ਪ੍ਰਕਾਸ਼ੀ ਕ੍ਰਿਸ਼ਮੇ ਨੇ ਜਦੋਂ ਭਰਮ ਦੇ ਸਾਰੇ ਛਉੜ ਕਟ ਕੇ ਪੜਦੇ ਲਾਹ ਸੁਟੇ ਤਾਂ ਘਟ ਅੰਤਰ ਹੀ ਵਾਹਿਗੁਰੂ ਦੇ ਜੋਤੀ-ਸਰੂਪ ਸਮੁਚੇ ਦਰਸ਼ਨ ਦੀਦਾਰ ਨਿਹਾਰ ਲਏ। ਮੁਖਾਰਬਿੰਦੀ ਦਿਦਾਰਿਆਂ ਦਾ ਐਸਾ ਪ੍ਰਕਾਸ਼ ਹੋਇਆ ਕਿ ਹੋਰ ਸਭ ਕੁਝ ਵਿਸਰ ਕੇ ਬਿਸਮਾਦ ਹੀ ਬਿਸਮਾਦ ਛਾ ਗਿਆ, ਪਰ ਇਹ 'ਅਚੰਭਉ', ਇਹ ਅਸਚਰਜ ਰੂਪ, ਕਹਿਨ ਕਥਨ ਤੋਂ ਅਗੋਚਰਾ ਹੈ। ਬਸ ਪੇਖਾ ਹੀ ਪ੍ਰਵਾਨ ਹੈ, ਯਾ ਜਿਸ ਨੇ ਇਸ ਅਸਚਰਜ ਰੂਪ ਪੇਖਨੀ ਬਿਸਮਾਦ ਰਸ ਨੂੰ ਚਖਿਆ ਹੈ, ਸੋਈ ਜਨ ਇਸ ਦੇ ਸੁਆਦ ਨੂੰ ਜਾਣ ਸਕਦਾ ਹੈ। ਸੁਆਦ ਨੂੰ ਜਾਣ ਮਾਣ ਹੀ ਸਕਦਾ ਹੈ, ਵਰਨਣ ਨਹੀਂ ਕਰ ਸਕਦਾ। ਇਸ ਸੱਚ ਬਿਸਮਾਦੀ ਬਿਗਾਸ ਮਈ ਅਜਰ ਪਦਾਰਥ ਨੂੰ ਗੁਰੂ ਦੀ ਕਿਰਪਾ ਦੁਆਰਾ ਹੀ ਜਰ ਜਰ ਕੇ ਅੰਤਰ-ਗਤਿ ਰਖ ਕੇ ਸੰਭਾਲ ਸਕੀਦਾ ਹੈ।

"ਅਵਿਲੋਕਉ ਰਾਮ ਕੋ ਮੁਖਾਰਬਿੰਦ ॥"

ਸ਼ਬਦ ਅਨੁਸਾਰ ਗੋਬਿੰਦ ਦਰਸ਼ਨ ਹੀ ਦਰਸ-ਵਿਗਾਸੀ ਗੁਰਮੁਖ ਜਨਾਂ ਦਾ ਰਾਜ, ਧਨ, ਪ੍ਰਵਾਰ, ਸਰਬੰਸ ਸਭ ਕੁਛ ਇਹੀ ਹੈ। ਗੋਬਿੰਦ ਚਰਨਾਰਬਿੰਦ ਨੂੰ ਰਿਦ ਅੰਤਰਿ ਉਤਾਰਨ ਕਰਿ, ਸਭ ਚਿੰਦ ਦੁਖ ਦੂੰਦ ਦੂਰ ਹੋ ਗਏ। ਅਮੋਘ ਮੁਖਾਰਬਿੰਦੀ ਦਰਸ਼ਨ ਦਿਦਾਰ ਦੀ ਮਹਿਮਾ ਤਾਂ ਅਤਿ ਅਧਿਭੁਤ ਪਰਮ ਅਧਿਭੁਤ ਤੇ ਅਗਾਧ ਬੋਧ ਹੈ। ਚਰਨ ਕੰਵਲਾਰੀ ਅਤੇ ਮੁਖਾਰਬਿੰਦਾਰੀ ਅਮੋਘ ਦਰਸ਼ਨਾਂ ਦੇ ਪਦ ਨੂੰ ਪ੍ਰਾਪਤ ਹੋਏ ਜਨਾਂ ਪ੍ਰਥਾਇ ਹੀ "ਨਾਨਕ ਫਿਰਿ ਨ ਮਰੰਦ" ਵਾਲਾ ਘਟਨਾਉ ਘਟ ਸਕਦਾ ਹੈ।

## ਚਰਨ ਕੰਵਲ ਦੀ ਮਉਜ ਦੀ ਸਮੁੱਚੀ ਵਿਆਖਿਆ–

ਚਰਨ ਕੰਵਲ ਸੰਗਿ ਲਗੜੀ ਪ੍ਰੀਤਿ ਦਾ ਇਹ ਪਤੀਆਰਾ ਹੈ ਕਿ ਚਰਨ ਕੰਵਲਾਂ ਦੀ ਪ੍ਰੀਤਿ ਵਾਲੇ ਪ੍ਰੀਤ-ਭਉਰੇ-ਆਸ਼ਕਾਂ ਦੀ ਸਗਰੀ ਦੁਰਮਤਿ-ਰੀਤਿ ਦੂਰ ਹੋ ਜਾਂਦੀ ਹੈ। ਬਸ ਓਹਨਾਂ ਦੇ ਮਨ ਤਨ ਅੰਤਰਿ ਕੇਵਲ ਵਾਹਿਗੁਰੂ ਮੰਤਰ ਦਾ ਜੋਤਿ-ਵਿਗਾਸੀ-ਅਭਿਆਸ ਹੀ ਰਮ ਰਿਹਾ ਹੁੰਦਾ ਹੈ। ਗੁਰੂ ਨਾਨਕ ਸਾਹਿਬ ਦੇ


www.AKJ.Org

ਅਜਿਹੇ ਭਗਤਾਂ ਦੇ ਘਰ-ਘਟ ਅੰਤਰਿ ਸਦਾ ਆਨੰਦ ਹੀ ਆਨੰਦ ਖਿੜਿਆ ਰਹਿੰਦਾ ਹੈ। ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :—

ਚਰਨ ਕਮਲ ਸੰਗਿ ਲਾਗੀ ਪ੍ਰੀਤਿ ॥ ਬਿਸਰਿ ਗਈ ਸਭ ਦੁਰਮਤਿ ਰੀਤਿ ॥
ਮਨ ਤਨ ਅੰਤਰਿ ਹਰਿ ਹਰਿ ਮੰਤੁ ॥ ਨਾਨਕ ਭਗਤਨ ਕੈ ਘਰਿ ਸਦਾ ਆਨੰਦੁ ॥ ਪੰਨਾ ੮੦੨

ਨਿਤਾਪ੍ਰਤਿ, ਖਿਨ ਖਿਨ, ਸੁਆਸ ਸੁਆਸ, ਅਭਿਆਸੀ ਜਨ, ਜੋ ਅੰਮ੍ਰਿਤ-ਨਾਮ ਨੂੰ ਰਸਨਾ ਕਰਕੇ ਰਟਦੇ ਜਪਦੇ ਹਨ, ਇਸ ਰਟਨ ਜਪਣ ਦੇ ਪ੍ਰਤਾਪ ਕਰਿ ਪ੍ਰਥਮ ਤਾਂ ਚਰਨ ਕੰਵਲਾਂ ਸੰਗਿ ਪ੍ਰੀਤਿ ਉਪਜਦੀ ਹੈ, ਗੁਰੂ ਘਰ ਦੀ ਇਹ ਨਿਰਾਲੀ ਹੀ ਰੀਤ ਹੈ, ਫੇਰ ਏਸ ਪ੍ਰੀਤਿ ਕਰਕੇ ਦੁਰਮਤਿ-ਰੀਤ ਵਾਲੇ ਸਾਰੇ ਭਉ ਦੂਰ ਹੋ ਜਾਂਦੇ ਹਨ ਅਤੇ ਨਿਰਭਉ ਵਾਹਿਗੁਰੂ ਅਕਾਲ ਪੁਰਖ ਆਪ ਰਿਦੇ ਵਿਚ ਵਸਦਾ ਹੈ :—

ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਗੁਰ ਪੂਰੇ ਕੀ ਨਿਰਮਲ ਰੀਤਿ ॥
ਭਉ ਭਾਗਾ ਨਿਰਭਉ ਮਨਿ ਬਸੈ ॥ ਅੰਮ੍ਰਿਤ ਨਾਮੁ ਰਸਨਾ ਨਿਤ ਜਪੈ ॥੩॥
[ਰਾਮਕਲੀ ਮਹਲਾ ੫, ਪੰਨਾ ੮੯੩

ਪਰ ਇਹ ਗੱਲ ਸੱਚ ਹੈ ਤੇ ਪਰਮ ਸੱਚ ਹੈ ਕਿ :—

ਚਰਣ ਕਮਲ ਸੰਗਿ ਨੇਹੁ ਕਿਨੈ ਵਿਰਲੈ ਲਾਇਆ ॥੩॥੧੧॥੧੧੩॥
[ਆਸਾ ਮਹਲਾ ੫, ਪੰਨਾ ੩੯੯

ਕਿਸੇ ਵਿਰਲੇ ਨੇ ਹੀ ਚਰਨ ਕੰਵਲਾਂ ਸੰਗਿ ਸਚੜਾ ਨੇਹੁ ਲਾਇਆ ਹੈ। ਸਚੜੇ ਨੇਹੁ ਵਾਲੇ ਵਿਰਲੇ ਹੀ ਹੁੰਦੇ ਹਨ, ਜਿਨ੍ਹਾਂ ਚਰਨ ਕੰਵਲਾਂ ਦਾ ਸਚੜਾ ਜਲਵਾ ਮਾਣਿਆ ਹੁੰਦਾ ਹੈ। ਚਰਨ ਕੰਵਲ ਪ੍ਰੇਮੀਅੜੇ ਚਰਨਾਂ ਦੇ ਆਸਰੇ ਹੀ ਜੀਉਂਦੇ ਹਨ।

**ਸਫਲ ਸੇਵਾ—**

ਅਲਖ ਅਭੇਵ ਪ੍ਰਭੂ ਦੀ ਸਿਮਰਨ ਰੂਪ ਸਚੀ ਸੇਵਾ, ਚਰਨ ਕੰਵਲ ਸੰਗਿ ਸਚੜਾ ਰੰਗ ਲਾਉਣ ਨੂੰ ਪਾਰਸ-ਚੁੰਭਕੀ-ਕਲਾ ਸਪੰਨ ਹੈ। ਚਰਨ ਕੰਵਲਾਂ ਦੇ ਰੰਗਾਂ ਵਿਚ ਰਮ ਕੇ ਹੀ ਪਾਰਬ੍ਰਹਮ ਗੁਰਦੇਵ ਦੇ ਅਚਰਜ ਰੂਪ ਦੇ ਸਾਂਗੋ ਪਾਂਗ ਦਰਸ਼ਨ-ਰੰਗ ਮਾਣੀਦੇ ਹਨ। ਨਹੀਂ ਤਾਂ ਇਹ ਅਸਚਰਜ ਜੋਤਿ-ਸਰੂਪੀ ਅਰੂਪ-ਰੂਪ, ਅਦ੍ਰਿਸ਼ਟ ਅਤੇ ਅਗਮ ਅਗੋਚਰ ਹੀ ਰਹਿੰਦਾ ਹੈ। ਐਸੇ ਪੁਰਖ-ਦਾਤਾਰ-ਵਾਹਿਗੁਰੂ ਦੇ ਨਾਮ ਨੂੰ ਸਦਾ ਸੁਆਸਿ ਸੁਆਸਿ ਸਿਮਰਦੇ ਹੀ ਰਹਿਣਾ ਅਤੇ ਇਸ ਬਿਧਿ ਉਸ ਅਪਰ ਅਪਾਰੀ ਪੁਰਖ ਨਿਰੰਕਾਰ ਨੂੰ ਕਦੇ ਨ ਵਿਸਾਰਨਾ ਪਰਮ ਉਤਮ ਗੁਰਮਤਿ ਰਸਕ ਰਸਾਇਣੀ ਸਫਲ ਸੇਵਾ ਹੈ। ਯਥਾ ਗੁਰਵਾਕ :—

ਸਿਮਰਤ ਸਿਮਰਤ ਸਿਮਰੀਐ ਸੋ ਪੁਰਖੁ ਦਾਤਾਰੁ ॥
ਮਨ ਤੇ ਕਬਹੁ ਨ ਵੀਸਰੈ ਸੋ ਪੁਰਖੁ ਅਪਾਰੁ ॥੨॥
ਚਰਨ ਕਮਲ ਸਿਉ ਰੰਗੁ ਲਗਾ ਅਚਰਜ ਗੁਰਦੇਵ ॥
ਜਾ ਕਉ ਕਿਰਪਾ ਕਰਹੁ ਪ੍ਰਭ ਤਾ ਕਉ ਲਾਵਹੁ ਸੇਵ ॥੩॥
[ਬਿਲਾਵਲੁ ਮਹਲਾ ੫, ਪੰਨਾ ੮੧੪

ਐਸੇ ਅਮੋਘ ਦਰਸ਼ਨਾਂ ਨੂੰ ਪੇਖ ਕੇ, ਅਤੇ ਚਰਨ ਕੰਵਲਾਂ ਦੀ ਸੋਭਾ ਨੂੰ ਸਿੰਞਾਣ ਕੇ ਹੀ ਚਰਨ ਕੰਵਲਾਂ ਦੇ ਰਸੀਏ ਗੁਰਸਿਖ-ਭਉਰੜੇ ਸਤਿਸੰਗ ਕੀਰਤਨ-ਸਮਾਗਮਾਂ ਵਿਚ ਮਿਲ ਕੇ ਚਰਨ ਕੰਵਲਾਂ ਦੇ ਰਸ ਭੋਜਨ ਅਤੇ ਦਰਸ਼ਨਾਂ ਦੇ ਅੰਮ੍ਰਿਤ-ਰਸ ਨੂੰ ਭੁੰਚ ਭੁੰਚ ਕੇ ਅਘਾਉਂਦੇ ਹਨ। ਯਥਾ ਗੁਰਵਾਕ :—

ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥
ਕਥਾ ਕੀਰਤਨੁ ਆਨੰਦ ਮੰਗਲ ਧੁਨਿ ਪੂਰਿ ਰਹੀ ਦਿਨਸੁ ਅਰੁ ਰਾਤਿ ॥੧॥ਰਹਾਉ॥



www.AKJ.Org

ਕਰਿ ਕਿਰਪਾ ਅਪੁਨੇ ਪ੍ਰਭਿ ਕੀਨੇ ਨਾਮ ਅਪੁਨੇ ਕੀ ਕੀਨੀ ਦਾਤਿ ॥
ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ ॥੧॥
ਤ੍ਰਿਪਤਿ ਅਘਾਏ ਪੇਖਿ ਪ੍ਰਭ ਦਰਸਨੁ ਅੰਮ੍ਰਿਤ ਹਰਿ ਰਸੁ ਭੋਜਨੁ ਖਾਤ ॥
ਚਰਨ ਸਰਨ ਨਾਨਕ ਪ੍ਰਭ ਤੇਰੀ ਕਰਿ ਕਿਰਪਾ ਸੰਤ ਸੰਗਿ ਮਿਲਾਤ ॥੨॥੪॥੮੪॥

[ਬਿਲਾਵਲੁ ਮ: ੫, ਪੰਨਾ ੮੨੦

ਖੂਬ ਨੀਕੀ ਸਤਿਸੰਗ ਦੀ ਮਹਿਮਾ ਇਸ ਗੁਰਵਾਕ ਅੰਦਰ ਨਿਰੂਪਨ ਹੋਈ ਹੈ। ਸਤਿਸੰਗਤ ਵਿਚ ਮਿਲ ਕੇ ਹੀ ਗੁਰੂ ਘਰ ਦੇ ਗੁਰਮੁਖ ਸੰਤਾਂ ਦੁਆਰਾ ਵਾਹਿਗੁਰੂ ਦੀ ਵਾਰਤਾ, ਲੀਲ੍ਹਾ ਦਾ ਸੁਣਨਾ ਸਾਲਾਹੁਣਾ ਪ੍ਰਾਪਤ ਹੁੰਦਾ ਹੈ। ਹੋਰ ਤਾਂ ਕਿਤੇ ਨਹੀਂ, ਕਿਉਂਕਿ ਗੁਰੂ ਘਰ ਦੇ ਸਚੇ ਸੰਤ-ਸਮਾਗਮ ਵਿਖੇ ਵਾਹਿਗੁਰੂ ਦੀ ਕਥਾ, ਵਾਹਿਗੁਰੂ ਦੇ ਕੀਰਤਨ, ਅਰਥਾਤ ਗੁਰਬਾਣੀ ਰੂਪ ਵਾਹਿਗੁਰੂ ਦਾ ਜਸ ਗੁੰਫਨ ਗਾਵਨ ਰੂਪੀ ਕਥਾ ਕੀਰਤਨ ਦਾ ਆਨੰਦ ਮੰਗਲ, ਅਨਹਦ ਧੁਨੀ ਦੀ ਝੁਨਕਾਰ ਵਿਚ ਦਿਨ ਰਾਤ ਲਗਾਤਾਰ ਅਪਣੇ ਪੂਰਨ ਵੇਗ ਅੰਦਰਿ ਜਾਰੀ ਰਹਿੰਦਾ ਹੈ। ਜਿਨ੍ਹਾਂ ਨੂੰ ਗੁਰੂ ਕਰਤਾਰ ਨੇ ਆਪਣੀ ਅਪਾਰ ਕਿਰਪਾ ਕਰ ਕੇ, ਆਪਣੇ ਪੰਨੇ ਪਾਇ ਕੈ ਅਪਣਾ ਲਿਆ ਹੈ, ਆਪਣਾ ਕਰ ਲਿਆ ਹੈ, ਆਪਣਾ ਸੇਵਕ ਬਣਾ ਲਿਆ ਹੈ, ਤਿਨ੍ਹਾਂ ਨੂੰ ਹੀ ਨਾਮ ਦੀ ਅਮੋਲਕ ਦਾਤਿ ਮਿਲੀ ਹੈ। ਅਜਿਹੇ ਨਾਮ-ਦਾਤਿ-ਪ੍ਰਾਪਤੀ ਵਾਲੇ ਗੁਰਮੁਖ ਜਨ ਅਠੋ ਪਹਿਰ ਵਾਹਿਗੁਰੂ ਦੇ ਗੁਣ ਗਾਵਣ ਵਿਚ ਤਤਪਰ ਹੋ ਕੇ ਲਗੇ ਰਹਿੰਦੇ ਹਨ। ਇਸ ਅਠੋ ਪਹਿਰ ਗੁਣ ਗਾਵਣ ਦੇ ਪਾਰਸ ਪ੍ਰਭਾਵ ਕਰਿ, ਤਿਨ੍ਹਾਂ ਗੁਰਮੁਖ ਜਨਾਂ ਦੇ ਤਨ ਸਰੀਰ ਵਿਚੋਂ ਕਾਮ ਕ੍ਰੋਧ ਆਦਿਕ ਪੰਜੇ ਦੂਤ ਨਿਕਲ ਜਾਂਦੇ ਹਨ, ਮਨ ਨਿਰਮਲ ਹੋ ਜਾਂਦਾ ਹੈ ਅਤੇ ਅੰਤਰ-ਆਤਮੇ ਜੋਤਿ ਵਿਗਾਸ ਦਾ ਪ੍ਰਕਾਸ਼ ਭੀ ਆਣ ਵੁਠਦਾ ਹੈ ਅਤੇ ਅੰਤਰਗਤ ਝਾਤ ਮਾਰ ਕੇ ਜਦ ਪੇਖਨਹਾਰੇ ਪ੍ਰਭੂ-ਦਰਸ਼ਨਾਂ ਨੂੰ ਪੇਖਦੇ ਹਨ ਤਾਂ ਹਰਿ-ਦਰਸ਼ਨ ਅੰਮ੍ਰਿਤ-ਰਸ-ਭੋਜਨ ਖਾਇ ਕੇ ਹੀ ਅਘਾਇ ਰਹਿੰਦੇ ਹਨ ਅਤੇ ਇਸ ਅੰਮ੍ਰਿਤ-ਰਸ ਵਿਚ ਮਖ਼ਮੂਰ, ਰਸ-ਚੂਰ ਹੋ ਕੇ ਇਹੋ ਹੀ ਬੇਨਤੀਆਂ ਕਰਦੇ ਹਨ ਕਿ ਹੇ ਗੁਰੂ ਨਾਨਕ ਨਿਰੰਕਾਰੀ ! ਆਪਣੀ ਅਪਾਰ ਕਿਰਪਾ ਕਰ ਕੇ ਸਾਨੂੰ ਇਸ ਨਿਰੰਕਾਰ-ਨਾਮ-ਆਧਾਰੀ-ਸਤਿਸੰਗਤ ਵਿਚ ਹੀ ਮਿਲਾਈ ਰਖ, ਅਤੇ ਵਾਹਿਗੁਰੂ ਸਾਹਿਬ ਦੇ ਚਰਨ ਕੰਵਲਾਂ ਵਿਚ ਹੀ ਸਮਾਈ ਰਖ ! ਵਾਹਿਗੁਰੂ ਦੇ ਚਰਨ ਕੰਵਲਾਂ ਵਿਚ ਅਹਿਨਿਸਿ ਸਮਾਏ ਰਹਿਣ ਵਾਲੇ ਗੁਰਮੁਖਾਂ ਦੇ ਚਰਨਾਂ ਵਿਚ ਅੰਮ੍ਰਿਤ-ਆਕ੍ਰਖਣੀ-ਪਰਸ-ਪਾਰਸ-ਕਲਾ ਆਇ ਸਮਾਉਂਦੀ ਹੈ। ਵਿਸ਼ੇਸ਼ ਕਰਿ ਗੁਰੂ ਸਤਿਗੁਰੂ ਕਲਾਧਾਰੀ ਦੇ ਚਰਨ ਕੰਵਲਾਂ ਵਿਚ ਤਾਂ ਖਾਸ ਤੌਰ ਤੇ ਇਹ ਅੰਮ੍ਰਿਤ-ਰਸਾਇਣੀ-ਪਾਰਸ-ਕਲਾ ਪਰਵੇਸ਼ ਕਰ ਗਈ ਹੋਈ ਹੁੰਦੀ ਹੈ।

ਸਤਿਗੁਰੂ ਦੇ ਚਰਨ ਕੰਵਲਾਂ ਦੀ ਮਹਿਮਾ ਪ੍ਰਥਾਇ ਸਿਰੀ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਕਿਆ ਸੁੰਦਰ ਕਬਿੱਤ ਉਚਾਰਨ ਕੀਤੇ ਹਨ। ਯਥਾ :–

(੧) ਚਰਨ ਕਮਲ ਰਜ ਮਸਤਕਿ ਲੇਪਨ ਕੈ, ਭਰਮ ਕਰਮ ਲੇਖ ਸਯਾਮਤਾ ਮਿਟਾਈ ਹੈ ॥
ਚਰਨ ਕਮਲ ਚਰਨਾਮ੍ਰਿਤ ਮਲੀਨ ਮਨਿ, ਕਰਿ ਨਿਰਮਲ ਦੂਤ ਦੁਬਿਧਾ ਮਿਟਾਈ ਹੈ ॥
ਚਰਨ ਕਮਲ ਸੁਖ ਸੰਪਟ ਸਹਜ ਘਰਿ, ਨਿਹਚਲ ਮਤਿ ਏਕ ਟੇਕ ਠਹਿਰਾਈ ਹੈ ॥
ਚਰਨ ਕਮਲ ਗੁਰ ਮਹਿਮਾ ਅਗਾਧਿ ਬੋਧਿ, ਸਰਬ ਨਿਧਾਨ ਅਉ ਸਕਲ ਫਲਦਾਈ ਹੈ ॥੩੩੭॥
(੨) ਚਰਨ ਕਮਲ ਰਜ ਮਜਨ ਕੈ ਦਿਬ ਦੇਹ, ਮਹਾ ਮਲ ਮੂਤ੍ਰ ਧਾਰੀ ਨਿਰੰਕਾਰੀ ਕੀਨੇ ਹੈ ॥
ਚਰਨ ਕਮਲ ਚਰਨਾਮ੍ਰਿਤ ਨਿਧਾਨ ਪਾਨ, ਤ੍ਰਿਗੁਨ ਅਤੀਤ ਚੀਤ ਆਪਾ ਆਪ ਚੀਨੇ ਹੈ ॥
ਚਰਨ ਕਮਲ ਨਿਜ ਆਸਨ ਸਿੰਘਾਸਨ ਕੈ, ਤ੍ਰਿਭਵਨ ਅਉ ਤ੍ਰਿਕਾਲ ਗੰਮਿਤਾ ਪ੍ਰਬੀਨੇ ਹੈ ॥
ਚਰਨ ਕਮਲ ਰਸ ਗੰਧ ਰੂਪ ਸੀਤਲਤਾ, ਦੁਤੀਆ ਨਾਸਤ ਏਕ ਟੇਕ ਲਿਵਲੀਨੇ ਹੈ ॥੩੩੮॥


www.AKJ.Org

(੩) ਚਰਨ ਕਮਲ ਰਜ ਮਜਨ ਪ੍ਰਤਾਪ ਅਤਿ, ਪੂਰਬ ਤੀਰਥ ਕੋਟਿ ਚਰਨ ਸਰਨ ਹੈ ॥
ਚਰਨ ਕਮਲ ਰਜ ਮਜਨ ਪ੍ਰਤਾਪ ਅਤਿ, ਦੇਵੀ ਦੇਵ ਸੇਵਕ ਹੁਇ ਪੂਜਤ ਚਰਨ ਹੈ ॥
ਚਰਨ ਕਮਲ ਰਜ ਮਜਨ ਪ੍ਰਤਾਪ ਅਤਿ, ਕਾਰਨ ਅਧੀਨ ਕੀਨ ਕਾਰਨ ਕਰਨ ਹੈ ॥
ਚਰਨ ਕਮਲ ਰਜ ਮਜਨ ਪ੍ਰਤਾਪ ਅਤਿ, ਪਤਿਤ ਪੁਨੀਤ ਭਏ ਤਾਰਨ ਤਰਨ ਹੈ ॥੩੩੯॥

ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਮੁਖਾਰਬਿੰਦ ਤੋਂ ਉਪਰ ਦਰਸਾਈ ਗੁਰ-ਚਰਨਾਰਬਿੰਦ ਦੀ ਮਹਿਮਾ, ਗੁਰਸਿਖਾਂ ਨੂੰ ਇਹ ਸਰਧਾ-ਭਾਵਨੀ ਦ੍ਰਿੜ੍ਹਾਉਂਦੀ ਹੈ ਕਿ ਸਚ ਮੁਚ ਸਤਿਗੁਰੂ ਦੇ ਚਰਨ ਕੰਵਲ ਦੀ ਧੂੜੀ ਨੂੰ ਮਸਤਕ ਤੇ ਧੂੜਿਆਂ (ਲਾਇਆਂ, ਲੇਪਨ ਕੀਤਿਆਂ) ਭਰਮ ਅਗਿਆਨ ਦੀ ਕਾਲਕ ਅਤੇ ਮਸਤਕ ਲਿਖੇ ਕਰਮਾਂ ਦੇ ਰੇਖ ਵਾਲੀ ਕਾਲਕ ਮਿਟ ਜਾਂਦੀ ਹੈ ਅਤੇ ਸਤਿਗੁਰ ਦੇ ਚਰਨ ਕੰਵਲਾਂ ਦਾ ਚਰਨਾਮ੍ਰਿਤ ਲਇਆਂ ਭਾਵ ਸਤਿਗੁਰੂ ਦੇ ਚਰਨ ਕੰਵਲਾਂ ਦਾ ਅੰਮ੍ਰਿਤ ਜਲ ਪਾਨ ਕੀਤਿਆਂ, ਚਰਨਾਮ੍ਰਿਤ ਲੈਣਹਾਰੇ ਦਾ ਮਲੀਨ ਮਨ ਨਿਰਮਲ ਹੋ ਜਾਂਦਾ ਹੈ। ਜਨਮ ਜਨਮਾਂਤ੍ਰਾਂ ਦੇ ਪਾਪਾਂ ਦੀ ਮੈਲ ਲਗੀ ਹੋਣ ਕਰਿ, ਮਲੀਨ ਤੇ ਕਾਲਾ ਸਿਆਹ ਹੋਇਆ ਮਨ ਨਿਰਮਲ ਹੋ ਜਾਂਦਾ ਹੈ ਅਤੇ ਪੰਚ ਦੂਤਾਂ ਦੀ ਪਾਈ ਹੋਈ ਦੁਬਿਧਾ ਦੁਚਿਤਾਈ ਭੀ ਮਿਟ ਜਾਂਦੀ ਹੈ। ਸਤਿਗੁਰੂ ਦੀ ਚਰਨ-ਕੰਵਲਾਰੀ-ਦਰਸ਼ਨ-ਮਉਜ, ਚਰਨ ਕੰਵਲਾਂ ਦੇ ਦਰਸ਼ਨ-ਮਉਜੀ-ਭਉਰਿਆਂ ਨੂੰ ਮਹਾਂ ਸੁਖ-ਸੰਪਟੀ ਸਹਜ ਘਰ ਵਿਚ ਲਿਵਲੀਨ ਅਤੇ ਸਮਾਧਿ-ਸਿਥਿਤ ਕਰਾ ਦਿੰਦੀ ਹੈ, ਜਿਸ ਸੁਖ-ਸੰਪਟੀ-ਸਹਜ ਘਰ ਵਿਚ ਅਸਥਿਤ ਹੋ ਕੇ ਹੀ ਸੰਕਲਪਾਂ ਵਿਕਲਪਾਂ ਦੀ ਬਉਰਾਨੀ ਤੇ ਠਹਿਚਲਾਨੀ ਮਤਿ ਸੁਰਤੀ ਨਿਹਚਲ ਹੋ ਜਾਂਦੀ ਹੈ ਅਤੇ ਇਕ ਅਕਾਲ ਪੁਰਖ ਦੀ ਲਿਵ ਟੇਕ ਵਿਚ ਹੀ ਠਹਿਰੀ ਰਹਿੰਦੀ ਹੈ (ਅਡੋਲ ਟਿਕੀ ਰਹਿੰਦੀ ਹੈ)। ਸਤਿਗੁਰੂ ਦੇ ਚਰਨ ਕੰਵਲ ਦੀ ਮਹਿਮਾ ਆਮ ਬੁਧੀ ਦੀ ਫ਼ਹਿਮ ਸਮਝ ਤੋਂ ਅਗਮ ਅਗੋਚਰ ਹੈ, ਜਿਸ ਦੀ ਡੂੰਘ ਥਾਹ ਅਲਪਗ ਬੁਧੀ ਨੂੰ ਨਹੀਂ ਆ ਸਕਦੀ। ਸਤਿਗੁਰੂ ਦੇ ਚਰਨ ਕੰਵਲਾਂ ਦੀ ਮਉਜ-ਮਹਿਮਾ, ਸਗਲ ਨਿਧ ਨਿਧਾਨ, ਸਰਬ ਨਿਧੀਆਂ ਦੇ ਨਿਧਾਨ ਖਜ਼ਾਨੇ ਖੋਲ੍ਹਣ ਨੂੰ ਸਮਰੱਥ ਹੈ ਅਤੇ ਸਰਬ ਮਨੋਰਥ ਸਿਧਾਨ (ਸਿਧੀਆਂ) ਦੀ ਫਲ ਪਰਦਾਤੀ ਹੈ।

ਗੁਰੂ ਵਾਹਿਗੁਰੂ ਦੇ ਏਕ ਮੇਕ ਜੋਤਿ ਸਰੂਪ ਵਾਲੇ ਚਰਨ ਕੰਵਲਾਂ ਦੇ ਦਰਸ਼ਨ-ਪੇਖਾਰੀ ਭੰਵਰੇ, ਉਚ ਆਤਮ-ਮੰਡਲਾਂ ਦੇ ਵਸਨੀਕ ਤ੍ਰੈਗੁਣ ਅਤੀਤ ਜਾਗਦੇ ਜੋਗੀਸ਼ਰ ਹਨ। ਯਥਾ :—

''ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰ ਕਰਨ ਉਦਾਸੀ।''

[ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੧੫

ਚਰਨ ਕੰਵਲਾਂ ਦੀ ਧੂੜੀ, ਅਮਿਉ ਰਸਾਇਣੀ ਧੂੜੀ, ਪਾਰਸ ਕੀਮੀਆ ਜੌਹਰਾਣੀ ਧੂੜੜੀ ਵਿਚ ਮੱਜਨ ਕੀਤਿਆਂ, ਮੱਜਨ, ਸੁਧਾਸਰ ਸਮੱਜਨ ਕੀਤਿਆਂ, ਇਹ ਪੰਜ-ਭੂਤਕ ਦੇਹੀ ਅਤਿਅੰਤ ਮਨੋਹਰ ਸੁੰਦਰਤਾ ਤੇ ਪਰਮ ਪੁਨੀਤ ਤੇਜ ਭਾਨ ਜਲਵਤਾ ਵਾਲੀ ਅਤੇ ਇਥੀਰੀਅਲ (Ethereal) ਸੂਖਮਤਾ ਵਾਲੀ ਦਿਬ ਦੇਹੀ ਹੋ ਜਾਂਦੀ ਹੈ, ਮਹਾਂ ਕੁਚੀਲ ਬਿਕ੍ਰਾਲਤਾ ਭਰੇ ਬਿਕਾਰੀ ਅਤੇ ''ਬਿਸਟਾ ਅਸਤ ਰਕਤ ਪਰੇਟੇ ਚਾਮ'' ਵਾਲੇ ਬੋਲੋ ਬਿਰਾਜ਼ ਭਰੇ (ਮਲ ਮੂਤ੍ਰ ਧਾਰੀ) ਮਾਨੁਖ, ਸੁਧ-ਆਤਮੱਜ-ਜੋਤਿ-ਜਗੰਨੇ ਨਿਰੰਕਾਰੀ ਪੁਰਸ਼, ਦਿਬ ਦੇਹੀਏ ਦੇਵਤੇ ਬਣ ਜਾਂਦੇ ਹਨ।

**ਆਤਮਾ ਤੇ ਪ੍ਰਮਾਤਮਾ ਦਾ ਚੀਨਣਾ—**

ਸਤਿਗੁਰੂ ਦੇ ਚਰਨ ਕੰਵਲਾਂ ਦੇ ਪਾਰਸ-ਰਸਾਇਣੀ-ਨਿਧਾਨ, ਅੰਮ੍ਰਿਤ ਜਲ ਨੂੰ ਛਕ ਕੇ ਚਰਨ-ਅੰਮ੍ਰਿਤ ਛਕਣਹਾਰਾ ਜਗਿਆਸੂ ਜਨ ਤ੍ਰੈਗੁਣ-ਅਤੀਤ ਹੋ ਜਾਂਦਾ ਹੈ, ਭਾਵ ਰਾਜਸੀ, ਸਾਤਕੀ, ਤਾਮਸੀ ਗੁਣਾਂ ਦੀ ਪਰਵਿਰਤੀ ਤੋਂ ਨਿਰਵਿਰਤ ਹੋ ਜਾਂਦਾ ਹੈ ਅਤੇ ਤੁਰੀਆ ਗੁਣ ਵਿਚ ਉਸ ਦੀ ਗੰਮਤਾ ਹੋ ਜਾਣ ਕਰਿ, ਉਸ ਨੂੰ ਆਪਣੇ ਸਰੂਪ ਦੀ ਅਤੇ ਆਤਮ, ਪਰਾਤਮ ਤੇ ਪ੍ਰਮਾਤਮ ਦੀ ਤੱਤ-ਲਖਤਾ ਹੁੰਦੀ ਹੈ, ਤੁਰੀਆ ਗੁਣੀ



www.AKJ.Org

ਪ੍ਰਮਾਤਮ-ਪਦ ਨੂੰ ਲਖ ਕੇ ਉਸਨੂੰ ਇਸ ਗੱਲ ਦੀ ਅਸਲ ਸੋਝੀ ਪੈਂਦੀ ਹੈ, ਤਤ ਲਖਤਾ ਹੁੰਦੀ ਹੈ ਕਿ ਮੈਂ ਤਾਂ ਪ੍ਰਮਾਤਮਾ ਦੀ ਜੋਤਿ ਸਰੂਪੀ ਅੰਸ ਹਾਂ। "ਕਹੁ ਕਬੀਰ ਇਹ ਰਾਮ ਕੀ ਅੰਸ।" (੮੭੧)

ਐਵੇਂ ਗੱਲੀਂ ਗੋਸ਼ਟੀਂ ਗਿਆਨ ਨਾਲ ਆਪਾ ਨਹੀਂ ਚੀਨਿਆ ਜਾਂਦਾ। ਆਪਾ ਚੀਨਣਾ ਗੁਰਮਤਿ ਦਾ ਮੁਖ ਮਨੋਰਥੀ ਤਤ ਆਦਰਸ਼ ਨਹੀਂ। ਤਤ-ਆਦਰਸ਼ੀ ਮੁਖ ਮਨੋਰਥ ਤਾਂ ਪਰਮਾਰਥ-ਖੋਜੀਆਂ ਦਾ ਪ੍ਰਮਾਤਮਾ ਨੂੰ ਚੀਨਣ (ਪ੍ਰਾਪਤ ਹੋਣ) ਵਾਲੀ ਤੱਤ ਲਖਤਾ ਹੈ। ਇਸ ਲਖਤਾ ਦੀ ਲਗਨ ਵਿਚ ਨਿਮਗਨ ਹੋ ਕੇ ਅਧਿਆਤਮ ਅਭਿਲਾਖੀ ਤੇ ਅਧਿਕਾਰੀ ਜਨ, ਜੋ ਨਾਮ ਅਭਿਆਸ ਦੀਆਂ ਅਗਾਧ ਕਮਾਈਆਂ ਕਰਦੇ ਹਨ ਤਾਂ ਤਿਨ੍ਹਾਂ ਨੂੰ ਪਹਿਲਾਂ ਘਟ ਅੰਤਰ ਹੀ ਆਤਮਾ ਦਾ ਜੋਤਿ-ਵਿਗਾਸ ਹੁੰਦਾ ਹੈ, ਅਰਥਾਤ ਆਤਮਾ ਦੀ ਜੋਤਿ ਦਾ ਪਰਕਾਸ਼ ਹੁੰਦਾ ਹੈ। ਇਸ ਜੋਤਿ-ਵਿਗਾਸੀ-ਆਨੰਦ-ਰਸ ਵਿਚ ਬਿਸਮ ਰਹੱਸੀ ਹੁੰਦੇ ਹੋਏ ਅਭਿਆਸੀ ਜਨ ਹੋਰ ਵਧੇਰੇ ਨਾਮ ਅਭਿਆਸ ਕਮਾਈਆਂ ਕਰਦੇ ਹਨ ਅਤੇ ਕਰੀ ਜਾਂਦੇ ਹਨ। ਇਸ ਲਗਾਤਾਰ ਰਸ-ਅਮਿਉ-ਰਸਾਇਣੀ ਨਾਮ ਕਮਾਈ ਕਰਦਿਆਂ ਘਟੰਤਰੀ ਜੋਤਿ ਚਾਨਣੇ ਦਾ ਪਸਰਾਉ (ਪਸਾਰਾ)ਭੀ ਵਧੇਰੇ ਤੋਂ ਵਧੇਰੇ ਵਧਦਾ ਜਾਂਦਾ ਹੈ, ਜੋ ਅੰਤਰ ਬਾਹਰ ਨਭ ਨਾਭੀ(ਦਸਮ ਦੁਆਰ ਤੇ ਨਾਭ ਅਤੇ ਧਰਤੀ ਤੇ ਅਕਾਸ਼)ਵਿਖੇ ਵਧਦਾ ਜੋਤਿ-ਸਰੂਪੀ ਅਕਾਲ ਪੁਰਖ ਪ੍ਰਮਾਤਮਾ ਦੇ ਸਾਂਗੋ ਪਾਂਗ ਦਰਸ਼ਨ ਕਰਾ ਦਿੰਦਾ ਹੈ। ਇਸ ਪ੍ਰਮਾਤਮ-ਦਰਸ਼ਨ ਪ੍ਰਾਪਤੀ ਦੇ ਪਦ ਨੂੰ ਪੁਜ ਕੇ ਇਸ ਗੱਲ ਦਾ ਨਿਸਚਿਤੀ ਗਿਆਨ-ਚਾਨਣਾ ਹੁੰਦਾ ਹੈ ਕਿ ਉਹ ਜੋ ਪਹਿਲਾਂ ਘਟ ਅੰਤਰ ਆਤਮ-ਜੋਤਿ ਪ੍ਰਕਾਸ਼ ਹੋਈ ਸੀ, ਓਹ ਤਾਂ ਪ੍ਰਮਾਤਮਾ ਦੀ ਅੰਸ ਹੀ ਸੀ, ਰਮਤ ਰਾਮ ਕੀ ਅੰਸ ਆਤਮਾ ਹੀ ਸੀ। ਪ੍ਰਮਾਤਮ-ਪ੍ਰਾਪਤੀ ਦੇ ਪਦ ਤੋਂ ਉਰੇਡੇ ਰਹਿ ਗਏ ਜਗਿਆਸੂ ਜਨ ਇਸ ਆਪਾ ਚੀਨਣੀ ਆਤਮ ਅੰਸ ਪ੍ਰਾਪਤੀ ਵਾਲੇ ਪਦ ਨੂੰ ਹੀ ਪਰਮ ਪਦ ਸਮਝ ਬੈਠਦੇ ਹਨ ਅਤੇ ਆਪੇ ਦੀ ਲਖਤਾ ਵਾਲੀ ਖ਼ੁਦ ਮਸਤੀ ਵਿਚ ਹਾਲ ਮਸਤ ਹੋ ਕੇ ਹੀ ਆਪੇ ਦੀਆਂ ਵਡਿਆਈਆਂ ਕਰੀ ਜਾਂਦੇ ਹਨ। ਵਾਸਤਵ ਵਿਚ ਉਹ ਆਪਾ ਪਦ ਵਿਚ ਖੇਲ੍ਹਦੇ ਹੁੰਦੇ ਹਨ। ਦਰ-ਅਸਲ ਜੋਤੀ ਸਰੂਪ ਅਕਾਲ ਪੁਰਖ ਪਰਮ ਆਤਮਾ ਦੀ ਪਰਮ ਪਦ ਪ੍ਰਾਪਤੀ ਵਾਲਾ ਜੋਤਿ-ਚਸ਼ਮਾ ਜੋਤਿ-ਅੰਸ਼ੀ ਆਤਮਾ ਦਾ ਨਿਜ ਘਰ ਹੈ, ਜਿਸ ਨੂੰ ਪ੍ਰਾਪਤ ਕਰਕੇ ਜੋਤਿ ਸਰੂਪੀ ਆਤਮਾ ਦਾ ਮੂਲ ਪਛਾਣੀਦਾ ਹੈ। ਨਿਰੇ ਆਪਾ ਪਦ ਚੀਨਤਾ ਦੇ ਸ਼ੈਦਾਈ ਆਪਾ-ਪ੍ਰਸਤੀ ਦੇ ਮੁਸ਼ਤਾਕ ਹੋ ਕੇ ਹੀ ਰਹਿ ਖੜੋਂਦੇ ਹਨ ਅਤੇ ਏਸੇ ਨੂੰ ਹੀ ਪਰਮ ਪਦ ਸਮਝਣ ਲਗ ਪੈਂਦੇ ਹਨ। ਜਿਥੇ ਇਹ ਖ਼ਿਆਲ ਹੈ ਕਿ "ਆਪੇ ਨੇ ਆਪਾ ਪਾ ਲਿਆ", "ਆਪਾ ਆਪੇ ਵਿਚ ਲੀਨ ਹੋ ਗਿਆ" ਓਥੇ ਸਮਝ ਲਵੋ ਕਿ ਉਹ ਰਹਿ ਖੜੋਤੇ ਹੋਏ ਆਪਾ ਪਦ ਚੀਨੇ, ਆਪੇ ਦੇ ਗਿਆਨ ਨੂੰ ਹੀ ਬ੍ਰਹਮ ਗਿਆਨ ਦੀ ਤੁਲਤਾ ਦੇਣਹਾਰੇ, ਬ੍ਰਹਮ ਵਿਦਯਾ ਪ੍ਰਬੀਨ ਅਖਉਤੀ (So called) ਬ੍ਰਹਮ ਗਿਆਨੀ ਹਨ। ਓਹਨਾਂ ਨੂੰ ਦਰ-ਹਕੀਕਤ ਜੋਤਿ ਚਮਤਕਾਰੀ ਦਿਬ ਦਰਸਾਰ ਭੀ ਆਤਮਾ ਦਾ ਨਹੀਂ ਹੋਇਆ ਹੁੰਦਾ। ਓਹ ਬਹੁਤ ਕੁਛ ਸੁਣਿਆ ਸੁਣਾਇਆ ਵੇਦਾਂਤ-ਮਾਰਗੀ ਬ੍ਰਹਮ-ਗਿਆਨ ਹੀ ਘੋਟਦੇ ਹਨ।

[ਪੁਸਤਕ "ਚਰਨ ਕਮਲ ਕੀ ਮਉਜ" ਵਿਚੋਂ

---

**ਪਾਠਕ ਸਜਣੋ!** ਚੰਦੇ ਖ਼ਤਮ ਹੋਣ ਦੀ ਮੋਹਰ ਜਿਸ ਪਰਚੇ ਤੇ ਮਿਲੇ, ਕਿਰਪਾ ਕਰਕੇ ਓਦੋਂ ਹੀ ਮਨੀ-ਆਰਡਰ ਭੇਜੋ ਜੀ! ਜਦੋਂ ਪਰਚਾ ਬੰਦ ਹੋ ਜਾਂਦਾ ਹੈ ਓਦੋਂ ਚੰਦਾ ਜਿਹੜੇ ਸਜਣ ਭੇਜਦੇ ਹਨ, ਰਜਿਸਟਰਾਂ ਵਿਚ ਬੜੀ ਕਟ ਵਧ ਕਰਨੀ ਪੈਂਦੀ ਹੈ। ਸੋ ਵਕਤ ਸਿਰ ਹੀ ਚੰਦਾ ਭੇਜਣ ਦੀ ਕਿਰਪਾ ਕੀਤੀ ਜਾਵੇ।

**ਚਿਟ ਨੰਬਰ**—ਬਾਰ ਬਾਰ ਬੇਨਤੀ ਹੈ ਕਿ ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਲਗਿਆਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖਿਆ ਹੁੰਦਾ ਹੈ।

**ਪਰਚੇ ਗੁੰਮ**—ਹਰੇਕ ਪਾਠਕ ਦਾ 'ਸੂਰਾ' ਹਰ ਮਹੀਨੇ ਪਹਿਲੀ ਤਰੀਕ ਨੂੰ ਰਜਿਸਟਰ ਨਾਲ ਚੈਕ ਕਰ ਕੇ ਡਾਕੇ ਪਾਇਆ ਜਾਂਦਾ ਹੈ। ਕਈ ਪਰਚੇ ਰਾਹ ਵਿਚ ਗੁੰਮ ਕਰ ਲਏ ਜਾਂਦੇ ਹਨ। ਜਿਸ ਵੀਰ ਭੈਣ ਨੂੰ ਪਰਚਾ ਨਾ ਪਹੁੰਚੇ, ਉਸੇ ਮਹੀਨੇ ਦੇ ਅਧ ਵਿਚ ਸਾਨੂੰ ਕਾਰਡ ਪਾ ਦੇਵੇ, ਅਸੀਂ ਦੁਬਾਰਾ ਪਰਚਾ ਭੇਜ ਦਿਆਂਗੇ।

ਦਾਸ—ਮੈਨੇਜਰ 'ਸੂਰਾ'

www.AKJ.Org

# ਹਿਮਾਚਲ ਪ੍ਰਦੇਸ ਦੇ ਗੁਰਧਾਮਾਂ ਦੀ ਯਾਤਰਾ

[ ਵਲੋਂ :—ਭਾਈ ਸਾਹਿਬ ਮੇਹਰ ਸਿੰਘ ਜੀ; B–੨/੮–ਪੇਸ਼ਵਾ ਰੋਡ, ਨਵੀਂ ਦਿੱਲੀ ]

"ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥"

ਗੁਰੂ ਪਾਤਸ਼ਾਹ ਆਪਣੀ ਅਪਾਰ ਕਿਰਪਾ ਦੁਆਰਾ ਦਿਲੀ ਦੇ ਸਿੰਘਾਂ ਨੂੰ ਉਤਮ ਉਤਸ਼ਾਹ ਤੇ ਪ੍ਰੇਰਨਾ ਦੇ ਕੇ ਹਰ ਸਾਲ ਘਟੋ ਘਟ ਇਕ ਚਕਰ ਦਿਲੀ ਤੋਂ ਬਾਹਰ ਦੇ ਕੀਰਤਨ-ਸਮਾਗਮਾਂ ਜਾਂ ਗੁਰਧਾਮ ਯਾਤਰਾ ਲਈ ਬਖਸ਼ਦੇ ਰਹਿੰਦੇ ਹਨ। ਇਸ ਸਾਲ ਸੱਚੇ ਪਾਤਸ਼ਾਹ ਨੇ ਕਮਾਲ ਦੀ ਬਖਸ਼ਸ਼ ਕੀਤੀ ਅਤੇ ਜੁਲਾਈ ਦੇ ਮਹੀਨੇ ਤਕ ਤਿੰਨ ਚੱਕਰ ਯਾਤਰਾ ਦੇ ਲਗ ਗਏ, ਪਹਿਲੀ ਯਾਤਰਾ ਜਨਵਰੀ ਵਿਚ ਪੋਹ ਸੁਦੀ ਸਪਤਮੀ ਲੁਧਿਆਣਾ, ਦੂਜੀ ਮਾਰਚ ਵਿਚ ਸ੍ਰੀ ਹਜ਼ੂਰ ਸਾਹਿਬ, ਹੈਦਰਾਬਾਦ, ਟ੍ਰੀਵੇਂਡਰਮ, ਕੰਨਿਆ ਕੁਮਾਰੀ, ਨਾਨਕ ਝੀਰਾ ਬੰਬਈ, ਅਤੇ ਤੀਜੀ ਜੂਨ ਵਿਚ ਹਿਮਾਚਲ ਪ੍ਰਦੇਸ਼ ਦੇ ਗੁਰਧਾਮਾਂ ਦੀ।

ਅਖੰਡ ਕੀਰਤਨੀ ਜਥਾ ਦਿਲੀ ਦੇ ੬੫ ਸਿੰਘਾਂ ਤੇ ਬੀਬੀਆਂ ਦੀ ਇਹ ਤੀਜੀ ਯਾਤਰਾ ੭ ਜੂਨ ਐਤਵਾਰ ਨੂੰ ਅਰੰਭ ਹੋਈ। ਇਸ ਟੂਰਿੰਗ ਟੀਮ ਵਿਚ ੧੧ ਸਿੰਘ ਤੇ ਬੀਬੀਆਂ ਕੀਰਤਨੀ ਸਨ। ਦਿਲੀ ਤੋਂ ਦਿਲੀ ਟਰਾਂਸਪੋਰਟ ਕਾਰਪੋਰੇਸ਼ਨ (ਡੀ. ਟੀ. ਸੀ.) ਦੀ ਇਕ ਬਸ ਰਾਹੀਂ ੧੨ ਘੰਟੇ ਦੇ ਸਫ਼ਰ ਮਗਰੋਂ, ਚੰਡੀਗੜ੍ਹ, ਕੀਰਤਪੁਰ ਸਾਹਿਬ, ਬਿਲਾਸਪੁਰ, ਸੁੰਦਰ ਨਗਰ ਥਾਣੀ ਜਥਾ ਸ਼ਾਮ ਨੂੰ ਮੰਡੀ (ਹਿਮਾਚਲ) ਪੁਜਾ ਤੇ ਦਸਮ ਪਾਤਸ਼ਾਹ ਜੀ ਦੇ ਕੌਤਕੀ ਗੁਰ-ਅਸਥਾਨ ਮੰਡੀ ਵਿਖੇ ਜਾ ਡੇਰੇ ਲਾਏ। ਮੰਡੀ ਦੇ ਪ੍ਰਬੰਧਕਾਂ ਨੇ ਜਥੇ ਲਈ ਰਿਹਾਇਸ਼, ਲੰਗਰ ਆਦਿ ਦਾ ਯੋਗ ਪਰਬੰਧ ਪਹਿਲਾਂ ਭੇਜੀ ਸੂਚਨਾ ਅਨੁਸਾਰ ਕੀਤਾ ਹੋਇਆ ਸੀ। ਮੰਡੀ ਦਾ ਇਹ ਗੁਰਦੁਆਰਾ ਸਾਹਿਬ ਇਤਿਹਾਸਕ ਅਸਥਾਨ ਹੈ, ਜਿਸਨੂੰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੁਹ ਪ੍ਰਾਪਤ ਹੈ।

ਮੰਡੀ ਦਾ ਇਤਿਹਾਸ ਇਸ ਪ੍ਰਕਾਰ ਲਿਖਿਆ ਮਿਲਦਾ ਹੈ। ੧੭੪੭ ਦੀ ਵਿਸਾਖੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਨੰਦਪੁਰ ਸਾਹਿਬ ਤੋਂ ਰਵਾਲਸਰ ਗਏ ਸਨ। ਵਿਸਾਖੀ ਸਮਾਗਮ ਦੇ ਪਿਛੋਂ ਮੰਡੀ ਦੇ ਰਾਜੇ ਸਿਧ ਸੈਨ ਨੇ ਕਲਗੀਧਰ ਪਿਤਾ ਜੀ ਨੂੰ ਬੇਨਤੀ ਕੀਤੀ "ਮੇਰੀ ਰਾਜਧਾਨੀ ਮੰਡੀ ਵਿਚ ਚਰਨ ਪਾ ਕੇ ਨਿਵਾਜੋ"। ਗੁਰੂ ਸਾਹਿਬ ਨੇ ਬੇਨਤੀ ਸਵੀਕਾਰ ਕੀਤੀ। ਜਿਸ ਅਸਥਾਨ ਤੇ ਮੰਡੀ ਜਾ ਕੇ ਗੁਰੂ ਸਾਹਿਬ ਬਿਰਾਜੇ ਉਥੇ ਅੱਜ ਕਲ੍ਹ ਨਿਹਾਇਤ ਸ਼ਾਨਦਾਰ ਗੁਰਦੁਆਰਾ ਹੈ। ਦਰਿਆ ਬਿਆਸ ਦੇ ਕੰਢੇ ਤੇ ਹਰੇ ਦਰੱਖਤਾਂ (ਕੈਲ ਤੇ ਚੀਲ) ਦੇ ਵਿਚਕਾਰ ਉਚੀ ਸ਼ਿਵਾਲਕ ਪਹਾੜੀ ਦੀ ਗੋਦ ਵਿਚ ਖੁਲ੍ਹੀ ਹਵਾ ਵਿਚ ਇਹ ਗੁਰਦੁਆਰਾ ਸਾਹਿਬ ਦਰਸ਼ਨ ਯੋਗ ਹੈ। ਇਸ ਅਸਥਾਨ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਯਾਦਗਾਰੀ ਵਸਤੂਆਂ ਇਹ ਹਨ ਜਿਨ੍ਹਾਂ ਦੇ ਦਰਸ਼ਨ ਅਜਕਲ੍ਹ ਕਰਾਉਂਦੇ ਹਨ :–

੧. ਪਲੰਘ, ੨. ਗਦੇਲਾ, ੩. ਰਬਾਬ, ੪. ਬੰਦੂਕ (ਸਾਢੇ ਸਤ ਫੁਟ ਲੰਬੀ),
੫. ਇਕ ਕੁੱਪੀ ਬਰੂਦ ਭਰਨ ਵਾਲੀ।

ਮੰਡੀ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰੋਜ਼ ਅੰਮ੍ਰਿਤ ਵੇਲੇ ਇਕ ਬਹੁਤ ਵਡੇ ਪੱਥਰ ਉਤੇ, ਜੋ ੨੫ ਫੁਟ ਦੇ ਕਰੀਬ ਉਚਾ ਹੈ, ਤੇ ਜੋ ਦਰਿਆ ਬਿਆਸ ਦੇ ਐਨ ਵਿਚਕਾਰ ਹੈ ਅਤੇ ਚਾਰੋਂ ਪਾਸੀਂ ਪਾਣੀ ਨਾਲ ਘਿਰਿਆ ਰਹਿੰਦਾ ਹੈ, ਆ ਕੇ ਪ੍ਰਭੂ-ਭਗਤੀ ਵਿਚ ਲੀਨ ਹੁੰਦੇ ਸਨ। ਇਹ ਪੱਥਰ, ਜਿਸ ਉਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾ ਰਿਹਾ ਹੈ, ਗੁਰਦੁਆਰਾ ਸਾਹਿਬ ਦੇ ਬਿਲਕੁਲ ਸਾਹਮਣੇ ਮੌਜੂਦ ਹੈ।

ਇਹ ਕਿਹਾ ਜਾਂਦਾ ਹੈ ਕਿ ਮੰਡੀ ਦੇ ਰਾਜਾ ਸਿਧ ਸੈਨ ਨੂੰ ਗੁਰੂ ਸਾਹਿਬ ਨੇ ਇਕ ਕੱਚੀ ਹਾਂਡੀ ਦਾ ਬੰਦੂਕ



www.AKJ.Org

ਨਾਲ ਨਿਸ਼ਾਨਾ ਬਣਾ ਕੇ (ਜੋ ਬੰਦੂਕ ਦੀ ਗੋਲੀ ਨਾਲ ਟੁਟੀ ਨਹੀਂ) ਵਰ ਦਿਤਾ—

"ਜੈਸੇ ਬਚੀ ਹੈ ਹਾਂਡੀ, ਤੈਸੇ ਬਚੇਗੀ ਮਾਂਡੀ।
ਜੋ ਮੰਡੀ ਕੋ ਲੂਟੇਗਾ, ਅਸਮਾਨੀ ਗੋਲਾ ਛੂਟੇਗਾ।"

ਗਿਆਨੀ ਗਿਆਨ ਸਿੰਘ ਜੀ ਅਨੁਸਾਰ ਗੁਰੂ ਜੀ ਨੇ ਰਾਜੇ ਤੇ ਖੁਸ਼ੀ ਹੋ ਕੇ ਬਚਨ ਕੀਤਾ ਸੀ, "ਕਿ ਜੋ ਗਨੀਮ ਤੇਰੇ ਪੁਰ ਚੜ੍ਹ ਕੇ ਆਵੇਗਾ, ਓਸ ਉਤੇ ਅਜ਼ਗੈਬੀ ਗੋਲੇ ਵਰ੍ਹਨਗੇ, ਏਸ ਘੜੀ ਵਾਂਗੂ ਮੂਧਾ ਹੋ ਕੇ ਚਲਾ ਜਾਵੇਗਾ।" —ਤਵਾਰੀਖ ਗੁਰੂ ਖ਼ਾਲਸਾ, ਪੰਨਾ ੯੨੬

ਇਸੇ ਆਸ਼ੇ ਨੂੰ ਮੁਖ ਰਖ ਕੇ ਬੇਅੰਤ ਨਾਮਧਾਰੀ ਤੇ ਨੀਲਧਾਰੀ ਸਿਖ ਇਸ ਇਲਾਕੇ ਵਿਚ, ਹਰ ਤਰ੍ਹਾਂ ਦੀ ਭੀੜਾ ਤੋਂ ਬਚਣ ਲਈ, ਪੱਕਾ ਨਿਵਾਸ ਰਖਦੇ ਹਨ।

੭ ਜੂਨ ਰਾਤ ਦਾ ਕੀਰਤਨ ਤੇ ੮ ਜੂਨ ਅੰਮ੍ਰਿਤ ਵੇਲੇ ਦੇ ਕੀਰਤਨ ਖ਼ੂਬ ਰੰਗਾਂ ਵਿਚ ਹੋਏ। ਏਥੋਂ ਦੀ ਲੋਕਲ ਸੰਗਤ ਭਾਵੇਂ ਘਟ ਹੀ ਹੈ,ਪਰ ਜਿਸ ਪ੍ਰੇਮ-ਭਾਵਨਾ ਨਾਲ ਸੰਗਤਾਂ ਨੇ ਕੀਰਤਨ ਸਮਾਗਮ ਦੀ ਹਾਜ਼ਰੀ ਭਰੀ ਤੇ ਲੰਗਰ ਦੀ ਸੇਵਾ ਕੀਤੀ, ਉਤਸ਼ਾਹ-ਜਨਕ ਤੇ ਵਰਨਣ-ਯੋਗ ਹੈ।

ਮੰਡੀ ਵਿਚ ਗੁਰਸਿਖ ਵੀਰ ਸਰਦਾਰ ਘਈ ਸਾਹਿਬ, ਜੋ ਹਿਮਾਚਲ ਪ੍ਰਦੇਸ਼ ਟਰਾਂਸਪੋਰਟ ਦੇ ਡਵੀਜ਼ਨਲ ਮੈਨੇਜਰ ਹਨ, ਦੀ ਸਹਾਇਤਾ ਨਾਲ ਮੰਡੀ ਤੋਂ ਅਗੇ ਲਈ ਬਸਾਂ ਦਾ ਯੋਗ ਪਰਬੰਧ ਸਹਿਜੇ ਹੀ ਹੋ ਗਿਆ। ੮ ਜੂਨ ਅੰਮ੍ਰਿਤ ਵੇਲੇ ਕੀਰਤਨ ਤੋਂ ਉਪਰੰਤ ਜਥੇ ਨੇ ਰਵਾਲਸਰ ਲਈ ਚਾਲੇ ਪਾਏ। ਰਵਾਲਸਰ ਮੰਡੀ ਤੋਂ ੨੪ ਕਿਲੋਮੀਟਰ ਦੀ ਦੂਰੀ ਤੇ ਹੈ। ਭਾਵੇਂ ਸੜਕ ਕੁਝ ਪੱਕੀ ਹੈ, ਪਰ ਚੌੜੀ ਬਹੁਤ ਘਟ ਹੈ, ਮਸਾਂ ਹੀ ਇਕ ਬਸ ਦਾ ਰਾਹ ਹੈ, ਜਿਥੇ ਦੋ ਬਸਾਂ ਦਾ ਟਾਕਰਾ ਹੁੰਦਾ ਹੈ ਉਥੇ ਬਹੁਤ ਸਾਵਧਾਨਤਾ ਨਾਲ ਕਰਾਸਿੰਗ ਕਰਨਾ ਪੈਂਦਾ ਹੈ। ਇਕ ਪਾਸੇ ਉਚੇ ਪਹਾੜ ਤੇ ਦੂਜੇ ਪਾਸੇ ਡੂੰਘੀ ਖਡ ਵਿਚ ਵਗਦਾ ਦਰਿਆ। ਸਫ਼ਰ ਕਰਦਿਆਂ ਡਰ ਤੋਂ ਬਚਣ ਲਈ ਸਹਿਜੇ ਹੀ ਚੌਪਈ ਦਾ ਪਾਠ ਸ਼ੁਰੂ ਹੁੰਦਾ ਰਿਹਾ ਤੇ ਹਰ ਬਿਖੜੇ ਥਾਂ ਤੇ ਕਲਗੀਧਰ ਜੀ ਨੇ ਸਹਾਇਤਾ ਕੀਤੀ। ਢਾਈ ਘੰਟੇ ਦੇ ਸਫ਼ਰ ਮਗਰੋਂ ਬਸ ਰਵਾਲਸਰ ਅਪੜ ਗਈ। ਰਵਾਲਸਰ ਹਿੰਦੂ, ਬੋਧੀ ਤੇ ਸਿਖਾਂ ਲਈ ਸਾਂਝਾ ਤੀਰਥ-ਅਸਥਾਨ ਹੈ।

ਸ਼ਿਵਾਲਕ ਦੀਆਂ ਪਹਾੜੀਆਂ ਵਿਚ ਰਵਾਲਸਰ ਬੜਾ ਹੀ ਰਮਣੀਕ ਪੁਰਾਤਨ ਤੀਰਥ ਹੈ। ਇਥੇ ਇਕ ਬੜੀ ਸੁੰਦਰ ਝੀਲ ਹੈ, ਜਿਸ ਵਿਚ ਛੋਟੇ ਛੋਟੇ *ਟਾਪੂ ਤਰਦੇ ਇਸ ਨਜ਼ਾਰੇ ਨੂੰ ਹੋਰ ਭੀ ਦਿਲ-ਖਿਚਵਾਂ ਤੇ ਮਨਮੋਹਣਾ ਬਣਾਉਂਦੇ ਹਨ। ਚਾਰੋਂ ਪਾਸੇ ਰੁਖੀਆਂ ਪਹਾੜੀਆਂ ਹਨ। ਝੀਲ ਦੇ ਕੰਢੇ ਤੇ ਸ਼ਿਵ ਮੰਦਰ ਤੇ ਬੋਧੀਆਂ ਦਾ ਧਰਮ-ਮੰਦਰ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਰਵਾਲਸਰ ਪੁਰਾਣੇ ਸਮੇਂ ਤੋਂ ਰਿਸ਼ੀਆਂ ਮੁਨੀਆਂ, ਸਾਧਾਂ ਸੰਤਾਂ ਦੀ ਤਪੋ-ਭੂਮੀ ਰਹੀ ਹੈ। ਹਰ ਸਾਲ ਵਿਸਾਖੀ ਦੇ ਮੌਕੇ ਤੇ ਇਥੇ ਸਾਲਾਨਾ ਜੋੜ-ਮੇਲ ਹੁੰਦਾ ਹੈ, ਜਿਸ ਤੇ ਨੇੜੇ-ਤੇੜੇ ਦੇ ਪਹਾੜੀ ਲੋਕ ਆਉਂਦੇ ਹਨ।

"ਗੁਰਦੁਆਰਾ ਸ੍ਰੀ ਕਲਗੀਧਰ ਰਵਾਲਸਰ" ਦਾ ਲਿਖਿਆ ਇਤਿਹਾਸ ਇਸ ਪ੍ਰਕਾਰ ਮਿਲਦਾ ਹੈ। ਲਿਖਿਆ ਹੈ ਕਿ ੧੭੪੭ ਬਿ: ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਨੰਦਪੁਰ ਸਾਹਿਬ ਤੋਂ ਆਪਣੇ ਚੌਣਵੇਂ ਬੀਰ ਸਿੰਘਾਂ ਸਮੇਤ, ਰਵਾਲਸਰ ਪੁਜੇ। ਇਕ ਸ਼ਾਨਦਾਰ ਤੰਬੂ ਲਾ ਕੇ ਤੇ ਸੁੰਦਰ ਮਖਮਲੀ ਫਰਸ਼ ਵਿਛਾ ਕੇ ਗੁਰੂ ਸਾਹਿਬ ਦਾ ਸਵਾਗਤ ਕੀਤਾ ਗਿਆ। ਗੁਰੂ-ਦਰਬਾਰ ਵਿਚ ਨੇੜੇ ਤੇੜੇ ਦੇ ਇਲਾਕੇ ਦੇ

---

* ਗਿ: ਗਿਆਨ ਸਿੰਘ ਤਵਾਰੀਖ ਖਾਲਸਾ ਪੰਨਾ ੯੨੪-੨੫ ਤੇ ਲਿਖਦੇ ਹਨ—"ਜੋ ਨਿਕੇ ਮੋਟੇ ਸਤ ਟਿੱਲੇ ਝਾੜਾਂ ਦੀਆਂ ਜੜ੍ਹਾਂ ਨਾਲ ਜਕੜੇ ਹੋਏ ਪਾਣੀ ਵਿਚ ਤਰ ਰਹੇ ਸਨ, ਦੇਖ ਕੇ ਸਿਖਾਂ ਨੂੰ ਨਿਸ਼ਚਾ ਹੋ ਗਿਆ ਕਿ ਇਹ ਕੋਈ ਤੀਰਥ ਦੀ ਕਰਾਮਾਤ ਨਹੀਂ, ਕੇਵਲ ਘਾਸ ਤੇ ਝਾੜਾਂ ਦੀਆਂ ਜੜ੍ਹਾਂ ਦੇ ਸੰਘਾਤ ਨੇ ਨਿਕੀਆਂ ਨਿਕੀਆਂ ਪਥਰੀਆਂ ਨੂੰ ਜਕੜ ਛਡਿਆ ਹੈ ਤੇ ਓਹ ਟਿੱਲੇ ਪੌਣ ਨਾਲ ਏਧਰ ਓਧਰ ਪਏ ਫਿਰਦੇ ਹਨ।



www.AKJ.Org

ਸਾਰੇ ਰਾਣੇ ਹਾਜ਼ਰ ਹੋਏ । ਗੁਰੂ ਸਾਹਿਬ ਨੇ ਸਭਨਾਂ ਅੱਗੇ ਦੇਸ਼ ਦੀ ਸਮੱਸਿਆ ਰੱਖੀ ਕਿ ਸੰਗਠਨ ਦੀ ਘਾਟ ਕਰਕੇ ਮਲੇਛਾਂ ਦਾ ਜ਼ੋਰ ਕਿਸ ਤਰ੍ਹਾਂ ਵਧ ਰਿਹਾ ਹੈ, ਜੋ ਧਰਮ ਤੇ ਸੰਸਕ੍ਰਿਤੀ ਦਾ ਸਰਬ-ਨਾਸ਼ ਕਰ ਰਹੇ ਹਨ। ਜਾਬਰਾਂ ਦੇ ਟਾਕਰੇ ਲਈ ਸੰਗਠਨ ਤੇ ਪਰਸਪਰ ਪਿਆਰ ਦੀ ਲੋੜ ਹੈ। ਗੁਰੂ ਸਾਹਿਬ ਦੀ ਗੱਲ ਸੁਣ ਕੇ ਆਏ ਰਾਜੇ, ਵਜ਼ੀਰ ਤੇ ਦੀਵਾਨਾਂ ਨੇ ਕਾਫ਼ੀ ਸੋਚ-ਵੀਚਾਰ ਮਗਰੋਂ ਕਿਹਾ ਕਿ ਓਹ ਛੋਟੀ ਜਾਤੀ ਦੇ ਕੰਮੀਆਂ ਕਮੀਣਾਂ ਨੂੰ ਬੀਰ ਛਤ੍ਰੀ ਕੁਲ ਨਾਲ ਨਹੀਂ ਰਲਾ ਸਕਦੇ ਤੇ ਵਰਣ-ਮਰਯਾਦਾ ਨੂੰ ਨਸ਼ਟ ਭ੍ਰਸ਼ਟ ਨਹੀਂ ਕਰ ਸਕਦੇ । ਗੁਰੂ ਸਾਹਿਬ ਨੇ ਆਖ਼ਰ ਇਹ ਸਿੱਟਾ ਕਢਿਆ ਕਿ ਕ੍ਰਾਂਤੀ ਦੇ ਮਹਾਨ ਕੰਮ ਵਿਚ ਕੇਵਲ ਗਰੀਬ ਕਿਰਤੀ ਸਿਖ ਹੀ ਕਾਰਗਰ ਸਿਧ ਹੋ ਸਕਦੇ ਹਨ ਤੇ ਇਹਨਾਂ ਦਾ ਸਹਿਯੋਗ ਹੀ ਸਮੁਚੇ ਇਨਕਲਾਬ ਦਾ ਅਧਾਰ ਬਣ ਸਕਦਾ ਹੈ । ਗੁਰੂ ਸਾਹਿਬ ਦੀ ਬਾਣੀ ਵੀ ਉਨ੍ਹਾਂ ਦੀ ਇਸ ਭਾਵਨਾ ਨੂੰ ਸਪਸ਼ਟ ਕਰਦੀ ਹੈ :–

ਸੇਵ ਕਰੀ ਇਨਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀ ਕੋ ।
ਦਾਨ ਦੀਓ ਇਨਹੀ ਕੋ ਭਲੋ, ਅਰ ਆਨ ਕੋ ਦਾਨ ਨ ਲਾਗਤ ਨੀਕੋ ।
ਆਗੈ ਫਲੈ ਇਨਹੀ ਕੋ ਦੀਓ, ਜਗ ਮੈ ਜਸ ਅਉਰ ਕੀਓ ਸਭ ਫੀਕੋ ।
ਮੋ ਗ੍ਰਿਹ ਮੈ ਮਨ ਤੇ ਤਨ ਤੇ, ਸਿਰ ਲੌ ਧਨ ਹੈ ਸਭ ਹੀ ਇਨਹੀ ਕੋ ।

ਇਨ੍ਹਾਂ ਰਾਜੇ-ਰਾਣਿਆਂ ਦਾ ਐਸ਼ੋ-ਇਸ਼ਰਤ ਵਾਲਾ ਜੀਵਨ ਸਤਿਗੁਰਾਂ ਨੂੰ ਨਹੀਂ ਭਾਇਆ, ਇਸ ਲਈ ਉਨ੍ਹਾਂ ਇਸ ਦੇ ਫਲ-ਸਰੂਪ ਨਿਕਲਣ ਵਾਲੇ ਸਿੱਟੇ ਵਲ ਧਿਆਨ ਦਿਵਾਉਂਦਿਆਂ ਉਹਨਾਂ ਨੂੰ ਚੇਤੰਨ ਕੀਤਾ ਕਿ ਇਹ ਲਾਉ-ਲਸ਼ਕਰ, ਠਾਠ-ਬਾਠ, ਅੰਤ ਨਸ਼ਟ ਹੋਣ ਵਾਲਾ ਹੈ। ਇਸ ਕਰਕੇ ਇਹਨਾਂ ਦਾ ਗੁਮਾਨ ਕਰਨਾ ਸ਼ੋਭਨੀਕ ਨਹੀਂ । ਗੁਰੂ ਸਾਹਿਬ ਜੀ ਦੇ ਇਹ ਸਵੱਈਏ ਇਸ ਸਿਖਿਆ ਵਲ ਸੰਕੇਤ ਕਰਦੇ ਹਨ :–

ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ ॥
ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕੋ ਜਾਤ ਨਿਵਾਰੇ ॥
ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਿਆਵਤ ਸੀਸ ਨ ਜਾਤ ਬਿਚਾਰੇ ॥
ਏਤੇ ਭਏ ਤੁ ਕਹਾ ਭਏ ਭੂਪਤਿ ਅੰਤ ਕੋ ਨਾਂਗੇ ਹੀ ਪਾਂਇ ਪਧਾਰੇ ॥੨॥
ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ ॥
ਗੁੰਜਤ ਗੂੜ ਗਜਾਨ ਕੇ ਸੁੰਦਰ ਹਿੰਸਤ ਹੈਂ ਹਯਰਾਜ ਹਜਾਰੇ ॥
ਭੂਤ ਭਵਿਖ ਭਵਾਨ ਕੇ ਭੂਪਤ ਕਉਨੁ ਗਨੈ ਨਹੀ ਜਾਤ ਬਿਚਾਰੇ ॥
ਸ੍ਰੀਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕੋ ਅੰਤ ਕੇ ਧਾਮ ਸਿਧਾਰੇ ॥੩॥
ਸੁਧ ਸਿਪਾਹ ਦੁਰੰਤ ਦੁਬਾਹ ਸੁ ਸਾਜ ਸਨਾਹ ਦੁਰਜਾਨ ਦਲੈਂਗੇ ॥
ਭਾਰੀ ਗੁਮਾਨ ਭਰੇ ਮਨ ਮੈ ਕਰ ਪਰਬਤ ਪੰਖ ਹਲੇ ਨ ਹਲੈਂਗੇ ॥
ਤੋਰਿ ਅਰੀਨ ਮਰੋਰਿ ਮਵਾਸਨ ਮਾਤੇ ਮਤੰਗਨਿ ਮਾਨ ਮਲੈਂਗੇ ॥
ਸ੍ਰੀਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ ਤਿਆਗਿ ਜਹਾਨ ਨਿਦਾਨ ਚਲੈਂਗੇ ॥੫॥
ਬੀਰ ਅਪਾਰ ਬਡੇ ਬਰਿਆਰ ਅਬਿਚਾਰਹਿ ਸਾਰ ਕੀ ਧਾਰ ਭਛੱਯਾ ॥
ਤੋਰਤ ਦੇਸ ਮਲਿੰਦ ਮਵਾਸਨ ਮਾਤੇ ਗਜਾਨ ਕੇ ਮਾਨ ਮਲੱਯਾ ॥
ਗਾੜ੍ਹੇ ਗੜ੍ਹਾਨ ਕੋ ਤੋੜਨਹਾਰ ਸੁ ਬਾਤਨ ਹੀ ਚਕ ਚਾਰ ਲਵੱਯਾ ॥
ਸਾਹਿਬ ਸ੍ਰੀ ਸਭ ਕੋ ਸਿਰਨਾਇਕ ਜਾਚਕ ਅਨੇਕ ਸੁ ਏਕ ਦਿਵੱਯਾ ॥੬॥

ਇਸ ਦਰਬਾਰ ਤੋਂ ਬਾਅਦ ਗੁਰੂ ਸਾਹਿਬ ਨੇ ਨਾਲ ਦੀ ਉੱਚੀ ਪਹਾੜੀ ਤੇ ਪੁਜ ਕੇ ਇਕ ਗੁਫਾ ਵਿਚ ਬੈਠੇ "ਰੇਵਾਲ" ਨਾਮੀ ਤਪਸੀ ਨੂੰ ਜੋ ਬੜੇ ਲੰਮੇ ਸਮੇਂ ਤੋਂ ਗੁਰੂ ਸਾਹਿਬ ਦੀ ਉਡੀਕ ਵਿਚ ਸੀ, ਉਪਦੇਸ਼ ਦੇ ਕੇ ਸਿਧੇ ਮਾਰਗ ਪਾਇਆ ।



www.AKJ.Org

ਰਵਾਲਸਰ ਦਾ "ਗੁਰਦੁਆਰਾ ਸ੍ਰੀ ਕਲਗੀਧਰ" ਝੀਲ ਦੇ ਕਿਨਾਰੇ ਉਚੀ ਪਹਾੜੀ ਤੇ ਸੁਸ਼ੋਭਤ ਹੈ। ਗੁਰਦੁਆਰਾ ਸਾਹਿਬ ਦੇ ਹਾਲ ਕਮਰੇ ਵਿਚ ਪ੍ਰਕਾਸ਼ ਤੇ ਕੀਰਤਨ ਹੁੰਦਾ ਹੈ । ਤਕਰੀਬਨ ਦੋ ਕੁ ਸੌ ਵਿਅਕਤੀਆਂ ਦੇ ਬੈਠਣ ਦੀ ਥਾਂ ਹੈ। ਹਾਲ ਦੇ ਬਾਹਰ ਇਰਦ ਗਿਰਦ ਸੰਗਤਾਂ ਦੇ ਵਿਸਰਾਮ ਲਈ ਕਾਫ਼ੀ ਥਾਂ ਹੈ, ਪਿਛੇ ਕਰਕੇ ਦੋ ਕਮਰੇ ਗ੍ਰੰਥੀ ਸਿੰਘ ਤੇ ਲੰਗਰ ਲਈ ਹਨ । ਜਲ ਦੀ ਪ੍ਰਾਪਤੀ ਇਕ ਬਾਉਲੀ ਤੋਂ ਹੈ, ਜੋ ਗੁਰਦੁਆਰਾ ਸਾਹਿਬ ਤੋਂ ੨੫-੩੦ ਪੌੜੀਆਂ ਹੇਠਾਂ ਹੈ। ਗੁਰਦੁਆਰੇ ਸਾਹਿਬ ਦੇ ਚਾਰੋਂ ਪਾਸੇ ਰਮਣੀਕ ਉਚੇ ਟਿੱਬੇ ਹਨ ਤੇ ਕੁਮਾਰ ਹੱਟੀ (ਤਪੋ-ਬਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ) ਦੀ ਯਾਦ ਨੂੰ ਤਾਜ਼ਾ ਕਰਦੇ ਹਨ। ਏਥੋਂ ਦਾ ਪਰਬੰਧ ਮੰਡੀ ਦੀ ਸੰਗਤ ਤੇ ਰਵਾਲਸਰ ਸੇਵਾ ਸੋਸਾਇਟੀ ਪਟਿਆਲਾ ਕਰ ਰਹੀ ਹੈ। ਪਰ ਇਸ ਵਿਚ ਹੋਰ ਸੁਧਾਰ ਦੀ ਲੋੜ ਹੈ। ਇਹ ਤਾਹੀਓਂ ਹੋ ਸਕਦਾ ਹੈ ਜੇਕਰ ਸਿਖ-ਸੰਗਤਾਂ ਇਸ ਅਸਥਾਨ ਦੀ ਯਾਤਰਾ ਹਮੇਸ਼ਾ ਬਹੁ-ਗਿਣਤੀ ਵਿਚ ਕਰਦੀਆਂ ਰਹਿਣ, ਜਿਸ ਨਾਲ ਏਥੋਂ ਦੀ ਆਮਦਨ ਵਿਚ ਭੀ ਵਾਧਾ ਹੋ ਸਕਦਾ ਹੈ ਤੇ ਬਿਲਡਿੰਗ ਦੀ ਸੰਭਾਲ ਆਦਿ ਵਿਚ ਭੀ ਫ਼ਰਕ ਪਵੇਗਾ।

੮ ਜੂਨ ਨੂੰ ਰਵਾਲਸਰ ਗੁਰਦੁਆਰਾ ਸਾਹਿਬ ਵਿਖੇ ਸੋਦਰ ਦੇ ਕੀਰਤਨ ਹੋਏ। ੯ ਜੂਨ ਅਧੀ ਰਾਤ ਮਗਰੋਂ ਅਖੰਡਾਕਾਰ ਅਭਿਆਸ,ਨਿਤਨੇਮ ਤੇ ਪਾਠ ਸੁਖਮਨੀ ਸਾਹਿਬ ਉਪਰੰਤ ਕੀਰਤਨ ਸ੍ਰੀ ਆਸਾ ਦੀ ਵਾਰ ਹੋਏ। ਰਵਾਲਸਰ ਤੋਂ ਅੰਮ੍ਰਿਤ ਵੇਲੇ ਦੇ ਕੀਰਤਨ ਮਗਰੋਂ ਅਖੰਡ ਕੀਰਤਨੀ ਜਥਾ ਮੁੜ 'ਮੰਡੀ' "ਗੁਰਦੁਆਰਾ ਗੁਰੂ ਗੋਬਿੰਦ ਸਿੰਘ ਜੀ ਜਾ ਪੁਜਾ। ਏਥੋਂ ਇਕ ਘੰਟੇ ਦੀ ਕੀਰਤਨ-ਸੇਵਾ ਨਿਭਾ ਕੇ ਮਨੀਕਰਣ ਲਈ ਚਾਲੇ ਪਾ ਦਿਤੇ। ਮੰਡੀ ਤੋਂ ਬਸ ਰਾਹੀਂ ਤਕਰੀਬਨ ਤਿੰਨ-ਘੰਟੇ ਸਫ਼ਰ ਬਾਅਦ ਭੌਂਤਰ ਪੁਜੇ। ਭੌਂਤਰ ਵਿਚ ਗੁਰਦੁਆਰਾ ਗੁਰੂ ਨਾਨਕ ਦੇਵ ਜੀ" ਦਰਿਆ ਬਿਆਸ ਤੇ ਪਾਰਬਤੀ ਦੇ ਸੁਹਾਵਣੇ ਸੰਗਮ ਤੇ ਸੁਭਾਇਮਾਨ ਹੈ। ਲਿਖਿਆ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਉਤਰ ਖੰਡ ਦੀ ਯਾਤਰਾ ਸਮੇਂ ਮਨੀਕਰਣ ਜਾਂਦਿਆ ਹੋਇਆਂ ਭਾਈ ਮਰਦਾਨੇ ਤੇ ਭਾਈ ਬਾਲੇ ਨਾਲ ਇਸ ਅਸਥਾਨ ਤੇ ਆ ਬਿਰਾਜੇ। ਉਸ ਸਮੇਂ ਇਸ ਦਾ ਨਾਮ ਭੁਟੰਤਰ ਸੀ। ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਗੁਰੂ ਸਾਹਿਬ ਦਾ ਆਉਣਾ ਸਿਧ ਹੁੰਦਾ ਹੈ।

ਇਸ ਸਾਖੀ ਵਿਚ ਮਹਾਰਾਜ ਨੇ ਭੁਟੰਤਰ ਦੇਸ਼ ਦੇ ਵਸਨੀਕਾਂ ਤੇ ਰਾਜੇ ਨੂੰ ਉਪਦੇਸ਼ ਕੀਤਾ ਕਿ ਪਹਿਰ ਰਾਤ ਉਠ ਕਰ ਇਸ਼ਨਾਨ ਕਰਨ ਤੇ ਫੇਰ ਸ੍ਰੀ ਪਰਮੇਸ਼ਰ ਜੀ ਦੀ ਭਗਤੀ ਕਰਨ, ਧਰਮ ਦੀ ਕਿਰਤ ਕਰਨ ਤੇ ਆਏ ਸਿਖ-ਸੰਤ ਦੀ ਸੇਵਾ ਕੀਤਾ ਕਰਨ।

ਅਖੰਡ ਕੀਰਤਨੀ ਜਥਾ ਦਾ ਭੌਂਤਰ ਦੋ ਘੰਟੇ ਦਾ ਹੀ ਵਿਸਰਾਮ ਸੀ ਤੇ ਏਥੋਂ ਦੀਆਂ ਸਿਖ ਸੰਗਤਾਂ ਨੇ ਇਨ੍ਹਾਂ ੧੨੦ ਮਿੰਟਾ ਵਿਚ ਜੋ ਸੇਵਾ-ਭਾਵ ਦਾ ਪ੍ਰਗਟਾਵਾ ਕੀਤਾ ਹੈ, ਸਦਾ ਹੀ ਯਾਦ ਰਵੇਗਾ।

ਭੌਂਤਰ ਤੋਂ ਮਨੀਕਰਣ ੩੦ ਕਿਲੋ ਮੀਟਰ ਹੈ, ਇਕ ਪਾਸੇ ਪਾਰਬਤੀ ਦਰਿਆ ਤੇ ਦੂਜੇ ਪਾਸੇ ਉਚੀਆਂ ਪਹਾੜੀਆਂ ਹਨ। ਕੱਚੀ ਸੜਕ, ਘਟ ਚੌੜੀ, ਜਿਸ ਉਤੇ ਮਿਨੀ ਬਸ ਬਹੁਤ ਸਾਵਧਾਨਤਾ ਨਾਲ ਚਲਦੀ ਹੈ। ਇਕ ਮਿਨੀ ਬਸ ਰਾਹੀਂ ਚੌਪਈ ਦਾ ਜਾਪ ਕਰਦਿਆਂ ਢਾਈ ਘੰਟੇ ਵਿਚ ਅਸੀਂ (੪੨ ਮੀਟਰ), ਮਨੀਕਰਣ ਪੁਜ ਗਏ। ਮਨੀਕਰਣ ਦੇ ਪਵਿਤਰ ਅਸਥਾਨ ਦੀ ਧੂੜੀ ਨੂੰ ਮਸਤਕ ਲਾਉਣ ਲਈ ਸਿੰਘਾਂ ਵਿਚ ਬਹੁਤ ਉਤਸ਼ਾਹ ਸੀ। ਬਸ ਤੋਂ ਉਤਰ ਕੇ ਹੀ ਵਾਜੇ ਜੋੜੀ ਨਾਲ ਕੀਰਤਨ ਅਰੰਭ ਹੋ ਗਿਆ ਤੇ "ਧੰਨ ਗੁਰ ਨਾਨਕ ਦੇਵ ਸਾਹਿਬ ਜੀ, ਧੰਨ ਗੁਰ ਨਾਨਕ ਦੇਵ ਸਾਹਿਬ ਜੀ" ਦੀ ਧੁਨੀ ਨਾਲ ਰਸੀ ਦਾ ਪੁਲ (Rope Bridge) ਪਾਰ ਕਰ ਕੇ ਗੁਰਦੁਆਰਾ ਸਾਹਿਬ ਸੰਗਤਾਂ ਪੁਜੀਆਂ।

ਮਨੀਕਰਣ ਦਾ ਇਤਿਹਾਸ ਇਸ ਪ੍ਰਕਾਰ ਲਿਖਿਆ ਮਿਲਦਾ ਹੈ—

**ਹਿੰਦੂ ਇਤਿਹਾਸ ਅਨੁਸਾਰ—**

ਸ਼ਿਵ ਜੀ ਤੇ ਪਾਰਬਤੀ ਪਹਾੜਾਂ ਵਿਚ ਫਿਰਦੇ ਫਿਰਦੇ ਏਥੇ ਆਏ ਸਨ। ਪਾਰਬਤੀ ਦਾ ਇਕ ਮੋਤੀ



www.AKJ.Org

(ਮਨੀ) ਨਦੀ ਵਿਚ ਡਿਗ ਪਿਆ, ਜਿਹੜਾ ਸ਼ੇਸ਼ਨਾਗ ਨੇ ਹੜੱਪ ਕਰ ਲਿਆ ਸੀ। ਪਾਰਬਤੀ ਦੀ ਜ਼ਿਦ ਕਰਨ ਤੇ, ਅਤੇ ਸ਼ਿਵ ਜੀ ਦੀ ਤਪ-ਸ਼ਕਤੀ ਦਾ ਸਦਕਾ ਸ਼ੇਸ਼ਨਾਗ ਨੇ ਆਪਣਾ ਮੂੰਹ ਖੋਲ੍ਹ ਕੇ ਕੰਢੇ ਤੇ ਮਨੀਆਂ ਹੀ ਮਨੀਆਂ ਖਿਲਾਰ ਦਿਤੀਆਂ, ਜਿਨ੍ਹਾਂ ਵਿਚੋਂ ਪਾਰਬਤੀ ਨੂੰ ਆਪਣੀ ਮਨੀ ਲਭਣੀ ਮੁਸ਼ਕਲ ਹੋ ਗਈ। ਕਹਿੰਦੇ ਹਨ ਮਨੀਕਰਣ ਦੇ ਲੋਕਾਂ ਕੋਲ ਹੁਣ ਭੀ ਕਈ ਕੀਮਤੀ ਪੱਥਰ ਮਿਲਦੇ ਹਨ।

**ਸਿਖ ਇਤਿਹਾਸ ਅਨੁਸਾਰ—**

ਸ੍ਰੀ ਗੁਰੂ ਨਾਨਕ ਦੇਵ ਜੀ ਦਾ, ਤੀਸਰੀ ਉਦਾਸੀ ਵੇਲੇ ਸੁਮੇਰ ਪਰਬਤ ਵਲ ਜਾਂਦਿਆਂ ਏਥੇ ਆਉਣਾ ਦਸਿਆ ਜਾਂਦਾ ਹੈ। ਗਿਆਨੀ ਗਿਆਨ ਸਿੰਘ ਨੇ ਤਵਾਰੀਖ ਖਾਲਸਾ (ਸਫਾ ੧੬੨) ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ "੧੫ ਅਸੂ ਸੰਮਤ ੧੫੭੪ ਬਿ: ਨੂੰ ਭਾਈ ਬਾਲੇ ਮਰਦਾਨੇ ਨੂੰ ਸੰਗ ਲੈ ਉਤਰਾਖੰਡ ਦੀ ਯਾਤਰਾ ਦਾ ਅਰੰਭ ਕੀਤਾ"। ਕਲਾਨੌਰ, ਤਿਲੋਕ ਨਾਥ, ਪਾਲਮ ਪੁਰ, ਘੁਡੇਰਨ, ਕਾਂਗੜੇ ਹੁੰਦੇ ਹੋਏ ਜਵਾਲਾ ਮੁਖੀ ਦੇ ਮੰਦਰ ਪਾਸ ਜਾ ਉਤਰੇ (ਜਿਥੇ ਹੁਣ ਗੋਰਖ ਡਿਬੀ ਤੋਂ ਉਪਰ ਧਰਮਸਾਲਾ ਹੈ)।

ਏਥੇ ਅਰਜਨ ਨਾਗ ਤਪ ਕਰਦਾ ਹੁੰਦਾ ਸੀ, ਜਿਸਨੂੰ ਗਿਆਨ ਦ੍ਰਿੜ੍ਹਾ ਕੇ ਬਾਬੇ ਜੀ ਨੇ ਕਲਿਆਨ ਬਖਸ਼ੀ। ਉਥੋਂ ਚਲ ਕੇ ਮੰਡੀ ਵਾਲੇ ਰਾਜੇ ਨੂੰ ਪਾਖਾਨ-ਪੂਜਾ ਤੋਂ ਹਟਾ ਸੱਚੇ ਪ੍ਰਭੂ ਦੀ ਭਗਤੀ ਵਿਚ ਲਗਾਇਆ ਤੇ ਆਪ ਰਵਾਲਸਰ ਪਹੁੰਚ ਗਏ। ਏਥੇ ਇਕ ਝੀਲ ਹੈ, ਜਿਸਦਾ ਕੜ ਪਾਟਾ ਹੋਇਆ ਹੈ। ਏਸ ਵਿਚ ਨਿੱਕੇ ਵੱਡੇ ਸੱਤ ਟਿਲੇ ਪੱਥਰ ਝਾੜ ਮਿਲੇ-ਜੁਲੇ ਤਰਦੇ ਫਿਰਦੇ ਹਨ। ਇਹ ਕੁਦਰਤ ਕਰਤਾਰ ਦੀ ਦੇਖਦੇ ਹੋਏ ਰਵਾਲਸਰ ਤੋਂ ਤੁਰ ਕੁਲੂ ਦੇ ਰਾਜ ਵਿਚ 'ਬਿਜਲੀਆ-ਮਹਾਦੇਵ' (ਜਿਸਨੂੰ ਸਾਰੇ ਪਹਾੜੀ ਮੰਨਦੇ ਹਨ) ਜਾ ਦੇਖਿਆ।......ਫੇਰ ਬ੍ਰਹਮ ਕੋਠੀ ਨੂੰ ਹੁੰਦੇ ਹੋਏ ਮਨੀਕਰਣ ਤੀਰਥ ਪਰ ਜਾ ਬੈਠੇ।

ਏਸੇ ਤਰ੍ਹਾਂ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਾਣੀਆਂ ਦਾ ਉਧਾਰ ਕਰਦੇ ਜਦ ਮਨੀਕਰਣ ਪੁਜੇ ਤਾਂ ਮਰਦਾਨੇ ਨੇ ਕਿਹਾ ਕਿ ਹੇ ਮਹਾਰਾਜ, ਜੇ ਆਪ ਜੀ ਦੀ ਆਗਿਆ ਹੋਵੇ ਤਾਂ ਮੈਂ ਕੁਝ ਆਹਾਰ ਲੈ ਆਵਾਂ। ਤਾਂ ਗੁਰੂ ਜੀ ਨੇ ਕਿਹਾ ਕਿ ਹਛਾ ਭਾਈ, ਤੇਰੀ ਮਰਜ਼ੀ। ਇਹ ਸੁਣ ਕੇ ਮਰਦਾਨਾ ਉਠ ਕੇ ਸ਼ਹਿਰ ਵਿਚ ਗਿਆ। ਉਥੇ ਲੋਕਾਂ ਨੇ ਮਰਦਾਨੇ ਨੂੰ ਕੱਚੀ ਰਸਦ ਦੇ ਦਿਤੀ। ਗੁਰੂ ਜੀ ਨੇ ਕਿਹਾ, ਮਰਦਾਨਿਆ! ਸਤਿ ਕਰਤਾਰ ਕਹਿ ਕੇ ਏਥੋਂ ਪੱਥਰ ਉਠਾ। ਜਦ ਮਰਦਾਨੇ ਨੇ ਪੱਥਰ ਉਠਾਇਆ ਤਾਂ ਥਲਿਓਂ ਬੜਾ ਸੁੰਦਰ ਜਲ ਦਾ ਗਰਮ ਕੁੰਡ ਨਿਕਲ ਆਇਆ। ਗੁਰੂ ਸਾਹਿਬ ਦਾ ਬਚਨ ਹੋਇਆ ਕਿ ਇਸ ਕੁੰਡ ਵਿਚ ਰੋਟੀਆਂ ਵੇਲ ਕੇ ਪਾਉ ਅਤੇ ਹੋਰ ਅਨਾਜ ਵੀ ਕਪੜੇ ਵਿਚ ਬੰਨ੍ਹ ਕੇ ਰਖੋ, ਪੱਕ ਜਾਏਗਾ। ਲਿਖਿਆ ਹੈ ਕਿ ਮਰਦਾਨੇ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਓਸ ਕੁੰਡ ਵਿਚ ਰੋਟੀਆਂ ਬਣਾਈਆਂ।

ਇਨ੍ਹਾਂ ਲਿਖਤਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਮਨੀਕਰਣ ਦਾ ਤੀਰਥ ਗੁਰੂ ਨਾਨਕ ਦੇਵ ਜੀ ਦੇ ਪਾਵਨ ਚਰਨਾਂ ਦੀ ਛੋਹ ਨਾਲ ਪਵਿੱਤਰ ਹੋਇਆ ਹੈ ਅਤੇ ਜਿਹੜਾ ਉਬਲਦੇ ਗਰਮ ਪਾਣੀ ਦਾ ਚਸ਼ਮਾ ਉਹਨਾਂ ਨੇ ਆਪਣੀ ਕਿਰਪਾ-ਦ੍ਰਿਸ਼ਟੀ ਨਾਲ ਪ੍ਰਗਟ ਕੀਤਾ ਸੀ, ਉਹ ਹੁਣ ਤਕ ਓਸੇ ਤਰ੍ਹਾਂ ਚਲ ਰਿਹਾ ਹੈ ਅਤੇ ਲੋਕਾਂ ਨੂੰ ਸੁਖ ਦੇ ਰਿਹਾ ਹੈ। ਇਤਿਹਾਸ ਦਸਦਾ ਹੈ ਕਿ ਗੁਰੂ ਮਹਾਰਾਜ ਏਥੇ ਤਿੰਨ ਦਿਨ ਠਹਿਰੇ ਅਤੇ ਏਥੋਂ ਹੀ ਅਗੇ ਸੁਮੇਰ ਪਰਬਤ ਵਲ ਗਏ ਸਨ।

ਮਨੀਕਰਣ ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਵਿਸ਼ਾਲ ਤੇ ਪੰਜ-ਮੰਜ਼ਲੀ ਹੈ। ਗ੍ਰਾਉਂਡ-ਫ਼ਲੋਰ ਤੇ ਗਰਮ ਪਾਣੀ ਦਾ ਕੁੰਡ ਤੇ ਛੋਟਾ ਜਿਹਾ ਇਕ ਮੰਦਰ। ਕੁੰਡ ਵਿਚ ਪਾਰਬਤੀ ਦਰਿਆ ਵਿਚੋਂ ਕੁਝ ਠੰਡਾ ਪਾਣੀ ਮਿਲਾਇਆ ਗਿਆ ਹੈ ਤੇ ਇਸ ਵਿਚ ਸੰਗਤਾਂ ਇਸ਼ਨਾਨ ਕਰਦੀਆਂ ਹਨ। ਕੁੰਡ ਦਾ ਨਾਮ "ਗੁਰੂ ਨਾਨਕ ਤਾਲਾਬ" ਕਰਕੇ ਹੈ।

ਕਹਿੰਦੇ ਹਨ ਕਿ ਇਸ ਤਾਲਾਬ ਵਿਚ ਕੁਝ ਦਿਨ ਲਗਾਤਾਰ ਇਸ਼ਨਾਨ ਕਰਨ ਨਾਲ ਜੋੜਾਂ ਦੀਆਂ



www.AKJ.Org

ਦਰਦਾਂ, ਬੁਖ਼ਾਰ ਤੇ ਚੰਮ-ਰੋਗ ਠੀਕ ਹੋ ਜਾਂਦੇ ਹਨ । "ਗੁਰੂ ਨਾਨਕ ਤਾਲਾਬ" ਦੇ ਲਾਗੇ ਹੀ ਉਬਲਦੇ ਗਰਮ ਪਾਣੀ ਦਾ ਓਹ ਚਸ਼ਮਾ ਹੈ ਜਿਸ ਵਿਚ ਗੁਰਦੁਆਰੇ ਵਲੋਂ ਚਲ ਰਿਹਾ ਲੰਗਰ (ਦਾਲ, ਚਾਵਲ) ਤਿਆਰ ਹੁੰਦਾ ਹੈ । ਗੁਰਦੁਆਰੇ ਦੀ ਪਹਿਲੀ ਮੰਜ਼ਲ ਤੇ ਗੁਰੂ ਕਾ ਲੰਗਰ ਹੈ, ਜੋ ਅਤੁਟ ਵਰਤਦਾ ਹੈ । ਤੀਜੀ ਮੰਜ਼ਲ ਤੇ ਯਾਤਰੂਆਂ ਦੇ ਠਹਿਰਨ ਲਈ ਕਮਰੇ ਹਨ ਤੇ ਚੌਥੀ ਮੰਜ਼ਲ ਤੇ ਮੇਨ ਗੁਰਦੁਆਰਾ ਸਾਹਿਬ ਹੈ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ । ਇਸ ਹਾਲ ਵਿਚ, ਏਥੋਂ ਦੇ ਪ੍ਰਬੰਧਕਾਂ ਦੀ ਆਪਣੀ ਮਤ ਅਨੁਸਾਰ ਕੰਧਾਂ ਤੇ ਚਾਰੇ ਪਾਸੇ ਸਭ ਮਤਾਂ ਦੀਆਂ ਤਸਵੀਰਾਂ ਤੇ ਕੈਲੰਡਰ ਜੜ੍ਹੇ ਹੋਏ ਹਨ । ਇਨ੍ਹਾਂ ਵਿਚ ਦਸ ਗੁਰੂ ਸਾਹਿਬਾਨ, ਕ੍ਰਿਸ਼ਨ ਜੀ, ਰਾਮ ਚੰਦਰ, ਸੀਤਾ, ਲਛਮਣ, ਸਿਵ ਜੀ, ਹਨੂਮਾਨ, ਈਸਾ ਮਸੀਹ ਤੇ ਹੋਰ ਮਤਾਂ ਦੀਅ ਤਸਵੀਰਾਂ ਸ਼ਾਮਿਲ ਹਨ । ਇਸੇ ਹਾਲ ਵਿਚ ਹੀ ਦੋਨੋਂ ਵਕਤ ਕੀਰਤਨ ਹੁੰਦਾ ਹੈ । ਸੰਤ ਬਾਬਾ ਨਾਰਾਇਣ ਹਰੀ ਜੀ ਆਪ ਕੀਰਤਨ ਕਰਦੇ ਹਨ, ਨਾਲ ਨਾਲ ਏਥੋਂ ਦੇ ਇਤਿਹਾਸ ਤੋਂ ਭੀ ਸੰਗਤਾਂ ਨੂੰ ਜਾਣਕਾਰੀ ਕਰਾਉਂਦੇ ਹਨ । ਬਾਹਰੋਂ ਆਏ ਕੀਰਤਨੀ ਜਥਿਆਂ ਨੂੰ ਭੀ ਸਮਾ ਦੇਂਦੇ ਹਨ । ਕਹਿੰਦੇ ਹਨ, ਕਿ ਬਾਬਾ ਸੰਤ ਨਾਰਾਇਣ ਹਰੀ ੧੯੪੦ ਤੋਂ ਇਸ ਅਸਥਾਨ ਦੀ ਸੇਵਾ ਨਿਭਾ ਰਹੇ ਹਨ। ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਦਾ ਪਾਠ ਟੇਪ-ਰੀਕਾਰਡਰ ਤੇ ਹੁੰਦਾ ਹੈ । ਇਹ ਗਲ ਕਹੇ ਬਿਨਾਂ ਰੁਕ ਨਹੀਂ ਸਕਦੇ ਕਿ ਗੁਰਦੁਆਰਾ ਸਾਹਿਬ ਦਾ ਵਾਤਾਵਰਣ ਗੁਰਮਤਿ ਦੇ ਆਸ਼ੇ ਤੋਂ ਬਹੁਤ ਦੂਰ ਲਗਦਾ ਹੈ ਤੇ ਇਸ ਵਿਚ ਸੋਧ ਦੀ ਲੋੜ ਹੈ । ਯਾਤਰੂਆਂ ਦੀ ਸੰਖਿਆ ਸਹਿਜਧਾਰੀਆਂ ਦੀ ਬਹੁ-ਗਿਣਤੀ ਵਿਚ ਹੈ, ਇਸ ਲਈ ਸਭ ਨੂੰ ਖੁਸ਼ ਕਰਨ ਕਰਕੇ ਪਰਬੰਧ ਮਿਲਗੋਭਾ ਹੈ । ਮਨੀਕਰਣ ਦਾ ਪ੍ਰਕ੍ਰਿਤਕ ਵਾਤਾਵਰਣ ਬਹੁਤ ਸ਼ਾਂਤਮਈ ਤੇ ਆਕਰਸ਼ਕ ਹੈ ਅਤੇ ਗੁਰੂ ਨਾਨਕ ਸਾਹਿਬ ਦੀ ਉਚਰੀ ਬਾਣੀ "ਬਲਿਹਾਰੀ ਕੁਦਰਤਿ ਵਸਿਆ" ਨੂੰ ਯਾਦ ਕਰਾਉਂਦਾ ਹੈ । ਪਰ ਗੁਰਮਤਿ ਦੇ ਝਰੋਖੇ ਤੋਂ ਪ੍ਰਭਾਵਿਤ ਨਹੀਂ । ਮੂਰਤੀਆਂ, ਤਸਵੀਰਾਂ ਦਾ ਰਖਣਾ, ਆਰਤੀ ਤੇ ਦੀਵੇ ਬਾਲਣੇ, ਮੰਦਰ ਵਿਚ ਪ੍ਰਸ਼ਾਦ ਤੇ ਲੰਗਰ ਦਾ ਭੋਗ ਲਵਾਉਣਾ, ਇਹ ਸਭ ਗੁਰਮਤਿ ਤੋਂ ਦੁਰਾਡੇ ਹਨ ਤੇ ਗੁਰਸਿਖਾਂ ਦੇ ਮਨ ਤੇ ਚੰਗਾ ਅਸਰ ਨਹੀਂ ਪੈਂਦਾ । ਗੁਰਦੁਆਰਾ ਸਾਹਿਬ ਦੀ ਪੰਜਵੀਂ ਮੰਜ਼ਲ ਤੇ ਯਾਤਰੂਆਂ ਲਈ ਹਾਲ ਹੈ ।

ਕੀਰਤਨੀ ਜਥਾ ਜਿਸ ਉਤਸ਼ਾਹ ਭਰੀ ਸ਼ਰਧਾ ਨਾਲ ਇਸ ਪਵਿਤਰ ਅਸਥਾਨ ਤੇ ਗਿਆ ਸੀ, ਆਪਣੀ ਸ਼ਰਧਾ ਦੇ ਫੂਲ ਚੜ੍ਹਾ ਕੇ, ਨਿਰਾਸਤਾ ਨਾਲ ਆਪਣੇ ਮਿਥੇ ਪ੍ਰੋਗਰਾਮ ਤੋਂ ਇਕ ਦਿਨ ਪਹਿਲਾਂ ਹੀ ਇਸਨੂੰ ਮੁੜ ਕੇ ਕੁਲੂ ਆਉਣਾ ਪਿਆ ।

ਕੁਲੂ ਭੋਂਤਰ ਤੋਂ ੩ ਘੰਟੇ ਦਾ ਰਸਤਾ ਹੈ, ਸੜਕ ਬਿਲਕੁਲ ਪੱਕੀ ਹੈ । ਕੁਲੂ ਵੈਲੀ ਬਿਆਸ ਦਰਿਆ ਦੇ ਕੰਢੇ ਤੇ ਹੈ । ਕੁਲੂ ਹਿਮਾਚਲ ਪ੍ਰਦੇਸ ਦਾ ਜ਼ਿਲਾ ਭੀ ਹੈ, ਚਾਰੋਂ ਪਾਸੇ ਉਚੇ ਰਮਣੀਕ ਪਹਾੜ ਤੇ ਵਿਚਕਾਰ ਪਧਰ (Plains) ਹੈ । ਏਥੇ ਅਪਰੈਲ ਤੋਂ ਜੂਨ ਤਕ ਮੌਸਮ ਗਰਮ ਹੀ ਹੁੰਦਾ ਹੈ, ਰਾਤ ਠੰਡੀ । ਬਰਸਾਤਾਂ ਤੋਂ ਬਾਅਦ ਮੌਸਮ ਖ਼ੁਸ਼ਗਵਾਰ (Pleasant) । ਕੁਲੂ ਦੀ ਵੈਲੀ ੮੦ ਕਿਲੋ ਮੀਟਰ ਲੰਬੀ ਅਤੇ ੮ ਕਿਲੋ ਮੀਟਰ ਚੌੜੀ ਹੈ । ਏਥੇ ਸੈਲਾਨੀ ਲੋਕ ਆ ਕੇ ਠਹਿਰਦੇ ਹਨ । ਏਥੋਂ ਦੀਆਂ ਪਸ਼ਮੀਨੇ ਦੀਆਂ ਚਾਦਰਾਂ (ਲੋਈਆਂ, ਸ਼ਾਲਾਂ) ਮਸ਼ਹੂਰ ਹਨ । ਸ਼ਹਿਰ ਵਿਚ ਲੰਬੀ ਲੰਬੀ ਜਟਾਂ ਵਾਲੀਆਂ ਭੇਡਾਂ ਫਿਰਦੀਆਂ ਨਜ਼ਰ ਆਉਂਦੀਆਂ ਹਨ ਤੇ ਇਹ ਛੋਟੇ ਪੈਮਾਨੇ ਤੇ ਸਨਅਤ (Small industry) ਦਾ ਇਕ ਖਾਸ ਕੇਂਦਰ ਹੈ ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੁਲੂ ਵਿਚ ਜਥੇ ਨੇ ਜਾ ਵਿਸ਼ਰਾਮ ਕੀਤਾ । ਏਥੇ ਦੇ ਪ੍ਰਧਾਨ ਸਾਹਿਬ ਬਹੁਤ ਹੀ ਨਿਘੇ ਗੁਰਮੁਖ ਵਾਪਾਰੀ ਸਜਨ ਹਨ । ਚਾਹੇ ਨੀਲਧਾਰੀ ਸਿਖ ਹਨ, ਪਰ ਰਾਗ ਦੇ ਚੰਗੇ ਗੁਣੀ ਹਨ । ਜਿਨ੍ਹਾਂ ਰਾਗਾਂ ਵਿਚ ਗੁਰਬਾਣੀ ਉਚਾਰੀ ਹੋਈ ਹੈ ਉਨ੍ਹਾਂ ਹੀ ਰਾਗਾਂ ਵਿਚ ਸ਼ਬਦ ਦਾ ਕੀਰਤਨ ਰੰਗਾਂ ਵਿਚ ਕਰਦੇ ਹਨ । ਗੁਰਮਤਿ ਦੇ ਜਾਣੂ ਤੇ ਕਦਰਦਾਨ ਹਨ । ਏਥੋਂ ਦੇ ਹੈਡ ਗ੍ਰੰਥੀ ਭਾਈ ਸਾਹਿਬ ਬਾਬਾ ਜੀ ਭੀ ਬਹੁਤ



www.AKJ.Org

ਵਿਦਵਾਨ, ਸੋਝੀਵਾਨ ਤੇ ਗੁਰਮਤਿ ਦੇ ਆਸ਼ਿਕ ਹਨ। ਇਨ੍ਹਾਂ ਸਜਨਾਂ ਦੀ ਸੰਗਤ ਕਰ ਕੇ ਅਨੰਦ ਪ੍ਰਾਪਤ ਹੁੰਦਾ ਹੈ। ਕੁਲੂ ਅਸੀਂ ੪ ਦਿਨ ਠਹਿਰੇ ਤੇ ਦੋਨੋਂ ਵਕਤ ਕੀਰਤਨ ਦੇ ਲਾਹੇ ਪ੍ਰਾਪਤ ਕੀਤੇ।

ਕੁਲੂ ਦੀ ਸੰਗਤ ਤੋਂ ਆਗਿਆ ਲੈ ਕੇ ਅਖੰਡ ਕੀਰਤਨੀ ਜਥੇ ਨੇ ਮਨਾਲੀ ਲਈ ਚਾਲੇ ਪਾ ਦਿਤੇ। ਮਨਾਲੀ ਕੁਲੂ ਤੋਂ ੪੦ ਕਿਲੋ ਮੀਟਰ ਤੇ ਹੈ। ਏਥੇ ਮੌਸਮ ਠੰਡਾ ਹੈ। ਆਬਾਦੀ ਬਹੁਤ ਘਟ ਹੋਣ ਦੇ ਕਾਰਨ ਸਫ਼ਾਈ ਤੇ ਸ਼ਾਂਤੀ ਹੈ। ਸ਼ਿਮਲਾ, ਨੈਨੀਤਾਲ, ਮਸੂਰੀ ਨਾਲੋਂ ਸੈਲਾਨੀ ਲੋਕ ਅਜ ਕਲ੍ਹ ਮਨਾਲੀ ਨੂੰ ਤਰਜੀਹ ਦੇਂਦੇ ਹਨ। ਰਹਿਣ ਲਈ ਹੋਟਲਾਂ ਤੇ ਸਰਕਾਰੀ ਕਾਟੇਜ ਬਣੇ ਹੋਏ ਹਨ, ਜਿਨ੍ਹਾਂ ਦਾ ਇਕ ਰਾਤ ਦਾ ਕਰਾਇਆ ੫੦ ਤੋਂ ੨੦੦ ਰੁਪਏ ਤਕ ਹੈ। ਮਨਾਲੀ ਭੀ ਬਿਆਸ ਦੇ ਕੰਢੇ ਤੇ ਹੈ। ਸੈਲਾਨੀ ਲੋਕ ਏਥੋਂ ਹੀ ਸੈਰ ਵਾਲੀਆਂ ਥਾਵਾਂ (ਨਹਿਰੂ ਕੰਡ, ਜਗਤ ਸੁਖ, ਸੋਲਾਂਗ ਵੈਲੀ, ਕੋਠੀ, ਰੋਹਤਾਂਗ-ਪਾਸ ਆਦਿ) ਦੇਖਣ ਲਈ ਜਾਂਦੇ ਹਨ।

ਮਨਾਲੀ ਵਿਚ ਕੇਵਲ ਇਕ ਸਿਖ ਖ਼ਾਨਦਾਨ ਹੈ, ਜਿਸਦੇ ੬-੭ ਟਬਰ ਹਨ। ਗੁਰੂ ਦੇ ਬਖਸ਼ੇ ਉਦਮ ਤੇ ਉਤਸ਼ਾਹ ਦੁਆਰਾ ਇਹ ਇਕੱਲਾ ਪ੍ਰਵਾਰ ਹੀ ਗੁਰਦੁਆਰਾ ਸਿੰਘ ਸਭਾ ਮਨਾਲੀ ਵਿਚ ਸੇਵਾ ਕਰਦਾ ਹੈ। ਗੁਰਦੁਆਰਾ ਸਾਹਿਬ ਦੀ ਬਿਲਡਿੰਗ ਵਿਚ ਦੀਵਾਨ-ਅਸਥਾਨ ਲਈ ਇਕ ਵਡਾ ਹਾਲ, ਯਾਤਰੂਆਂ ਲਈ ੬-੭ ਕਮਰੇ ਤੇ ਲੰਗਰ-ਅਸਥਾਨ ਹੈ। ਗਰਮ ਬਿਸਤਰੇ ਵੀ ਸਪਲਾਈ ਕੀਤੇ ਜਾਂਦੇ ਹਨ। ਇਸ ਲਈ ਬਾਹਰੋਂ ਆਈਆਂ ਸੰਗਤਾਂ ਨੂੰ ਕੋਈ ਖੇਚਲ ਨਹੀਂ ਹੁੰਦੀ। ਗੁਰੂ ਕਾ ਲੰਗਰ ਭੀ ਇਹ ਪ੍ਰਵਾਰ ਇਕੱਲਾ ਹੀ ਸਜਾਉਂਦਾ ਹੈ। ਅਸੀਂ ਇਸ ਅਸਥਾਨ ਤੇ ਤਿੰਨ ਦਿਨ ਠਹਿਰੇ ਤੇ ਤਿੰਨੇ ਦਿਨ ਕੀਰਤਨ-ਪ੍ਰਵਾਹ ਚਲਦਾ ਰਿਹਾ।

ਮਨਾਲੀ ਤੋਂ ੫੧ ਕਿਲੋ ਮੀਟਰ ਦੀ ਦੂਰੀ ਤੇ ਰੋਹਤਾਂਗ-ਪਾਸ (Rohtang Pass) ਹੈ। ਏਥੇ ਭੀ ਅਖੰਡ ਕੀਰਤਨੀ ਜਥੇ ਦੇ ਸਿੰਘ ਇਕ ਸਪੈਸ਼ਲ ਬਸ ਰਾਹੀਂ ਪੁਜੇ। ਉਚੀਆਂ ਪਹਾੜੀਆਂ ਚੜ੍ਹ ਕੇ ਅਖ਼ੀਰ ਦਾ ੫ ਕਿਲੋ ਮੀਟਰ ਦਾ ਰਸਤਾ ਸੜਕ ਨੂੰ ਛਡ ਤਕਰੀਬਨ ਬਰਫ਼ ਹੀ ਹੈ। 'ਰੋਹਤਾਂਗ-ਪਾਸ' ਸਭ ਤੋਂ ਉਚੀ ਪਹਾੜੀ ਹੈ, ਜੋ ਬਰਫ਼ ਨਾਲ ਕਜੀ ਹੋਈ ਹੈ। ਇਹ ਸਮੁੰਦਰ ਤੋਂ ੧੩,੫੦੦ ਫੁਟ ਦੀ ਉਚਾਈ ਤੇ ਹੈ ਤੇ ਏਥੇ ਦਾ ਤਾਪਮਾਨ ਜ਼ੀਰੋ ਡਿਗਰੀ ਤੋਂ ਭੀ ਹੇਠਾਂ ਰਹਿੰਦਾ ਹੈ। ਬਰਫ਼ਾਨੀ ਚਟਾਨਾਂ ਉਤੇ ਸਿੰਘਾਂ ਨੇ ਤਕਰੀਬਨ ਦੋ ਘੰਟੇ ਸੈਰ ਕੀਤੀ ਤੇ ਗੁਰੂ ਗੁਰੂ ਜਪਿਆ। ਸਾਡੇ ਪਰਤਣ ਦੇ ਸਮੇਂ ਏਥੇ ਬਰਫ ਪੈਣੀ ਸ਼ੁਰੂ ਹੋ ਗਈ ਸੀ। ਵਾਪਸੀ ਤੇ ਇਕ ਭਾਣਾ ਵਰਤਿਆ–ਸਾਡੀ ਬਸ ਖ਼ਰਾਬ ਹੋ ਗਈ, ਤਕਰੀਰਨ ਦੋ ਘੰਟੇ ਬਰਫ਼ਾਨੀ ਇਲਾਕੇ ਵਿਚ ਸੜਕ ਤੇ ਠਰੂੰ ਠਰੂੰ ਕਰਨਾ ਪਿਆ। ਸਾਰੀ ਸੰਗਤ ਅਰਦਾਸ ਵਿਚ ਜੁੜ ਗਈ। ਰੰਗਾਂ ਵਿਚ ਗੁਰੂ ਗੁਰੂ ਹੋਇਆ ਅਤੇ ਬਾਣੀ ਪੜ੍ਹੀ ਗਈ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਐਸੀ ਕਲਾ ਵਰਤਾਈ ਕਿ ਪਿਛੋਂ ਅਚਾਨਕ ਹੀ ਇਕ ਟਰੱਕ ਆ ਗਿਆ, ਜਿਸਦੇ ਡਰਾਇਵਰ ਕੋਲ ਸਭ ਔਜ਼ਾਰ (Tools) ਸਨ। ਇਸ ਡਰਾਇਵਰ ਨੇ ਖ਼ਰਾਬੀ (Fault) ਲਭ ਲਈ ਤੇ ਬਸ ਚਲਾ ਦਿਤੀ। ''ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ ॥

ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ ॥'' (੧੧੧੭)

'ਰੋਹਤਾਂਗ-ਪਾਸ' ਤੋਂ ਅਗੇ ਕੀਲਾਂਗ-ਪਾਸ, ਲਾਹੌਲ, ਸਪੀਟੀ (Lahaul, Spiti) ਦੇ ਬਰਫ਼ਾਨੀ ਪਹਾੜ ਹਨ ਤੇ ਉਸ ਤੋਂ ਅਗੇ ਚੀਨ ਦਾ ਬਾਰਡਰ ਹੈ। ਸਮੇਂ ਦੀ ਥੁੜ ਕਰਕੇ ਅਸੀਂ ਅਗੇ ਨਹੀਂ ਜਾ ਸਕੇ।

ਮਨਾਲੀ ਤੋਂ ਅਗਲਾ ਪੜਾਉ ਸਾਡਾ, ਸ਼ਿਮਲਾ ਸੀ। ਜਥੇ ਦੇ ਯੋਗ ਪ੍ਰਬੰਧ ਲਈ ਮਨਾਲੀ ਤੋਂ ੧੬ ਜੂਨ ਨੂੰ ੧੧ ਸਿੰਘਾਂ ਤੇ ਬੀਬੀਆਂ ਦੀ ਅਣਥਕ ਇਕ ਐਡਵਾਂਸ ਪਾਰਟੀ ਸ਼ਿਮਲੇ ਭੇਜ ਦਿਤੀ ਗਈ, ਜਿਨ੍ਹਾਂ ਨੇ ਬਾਕੀ ਦੀ ਸੰਗਤ ਦੇ ਪੁਜਣ ਤੋਂ ਪਹਿਲਾਂ ਰਿਹਾਇਸ਼, ਲੰਗਰ ਆਦਿ ਦਾ ਸਾਰਾ ਇੰਤਜ਼ਾਮ ਕੀਤਾ ਹੋਇਆ ਸੀ। ਬਾਕੀ ਦਾ ਜਥਾ ੧੭ ਜੂਨ ਨੂੰ ਮਨਾਲੀ ਤੋਂ ਸਵੇਰੇ ੬ ਵਜੇ ਸ਼ਿਮਲੇ ਲਈ ਰਵਾਨਾ ਹੋ ਗਿਆ। ਮਨਾਲੀ ਤੋਂ ਕੁਲੂ, ਭੌਂਤਰ, ਮੰਡੀ, ਸੁੰਦਰ ਨਗਰ ਤੇ ਬਿਲਾਸਪੁਰ ਰਾਹੀਂ ੫ ਵਜੇ ਸ਼ਾਮ ਸ਼ਿਮਲੇ ਪੁਜ ਗਏ।

ਸ਼ਿਮਲੇ ਭਾਈ ਸਾਹਿਬ ਇੰਦਰ ਸਿੰਘ ਜੀ ਨੇ ਜਥੇ ਲਈ ਰਿਹਾਇਸ਼ ਤੇ ਲੰਗਰ ਦਾ ਸਭ ਪ੍ਰਬੰਧ ਕੀਤਾ



www.AKJ.Org

ਹੋਇਆ ਸੀ। ਸ੍ਰੀ ਗੁਰੂ ਸਿੰਘ ਸਭਾ ਦੀ ਬਿਲਡਿੰਗ ਵਿਚ ਸੰਗਤਾਂ ਦਾ ਉਤਾਰਾ ਹੋਇਆ। ਗੁਰਦੁਆਰਾ ਸਾਹਿਬ ਦੀ ਇਮਾਰਤ ਹੁਣ ਪੱਕੀ ਬਣ ਗਈ ਹੈ। ਪਹਿਲਾਂ ਇਹ ਲਕੜ ਤੇ ਟੀਨ ਦੀ ਹੁੰਦੀ ਸੀ, ਪਰ ਹੁਣ ਤਾਂ ਗੁਰਦੁਆਰਾ ਸਾਹਿਬ ਦਾ ਗੁੰਬਦ ਦੂਰੋਂ ਨਜ਼ਰ ਆਉਂਦਾ ਹੈ ਤੇ ਸਾਰੀ ਬਿਲਡਿੰਗ ਮੁੜ ਕੇ ਤਿਆਰ ਹੋਈ ਹੈ। ਦੀਵਾਨ-ਅਸਥਾਨ ਦਾ ਹਾਲ ਬਹੁਤ ਵਿਸ਼ਾਲ ਹੈ। ੧੮ ਤੋਂ ੨੧ ਜੂਨ ਤਕ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨੇ ਦੋਨੋਂ ਵੇਲੇ ਸ਼ਿਮਲੇ ਦੇ ਵਖ ਵਖ ਗੁਰਦੁਆਰਿਆਂ ਵਿਚ ਕੀਰਤਨ ਦੀ ਸੇਵਾ ਕੀਤੀ, ਇਨ੍ਹਾ ਵਿਚ ਸੰਜੋਲੀ, ਛੋਟਾ ਸ਼ਿਮਲਾ ਸ਼ਾਮਿਲ ਸਨ। ੧੯ ਜੂਨ ਨੂੰ ਭਾ: ਇੰਦਰ ਸਿੰਘ ਦੇ ਗ੍ਰਹਿ "ਖਾਲਸਾ ਭਵਨ" ਵਿਖੇ ਸ੍ਰੀ ਅਖੰਡ ਪਾਠ ਅਰੰਭ ਕੀਤੇ ਗਏ, ਜਿਨ੍ਹਾਂ ਦਾ ਭੋਗ ੨੧ ਜੂਨ ਅੰਮ੍ਰਿਤ ਵੇਲੇ ਪਿਆ ਤੇ ਉਪ੍ਰੰਤ ਉਨ੍ਹਾਂ ਦੇ ਘਰ ਦੇ ਲਾਗੇ ਇਕ ਧਰਮਸਾਲਾ ਦੇ ਵਿਸ਼ਾਲ ਹਾਲ ਵਿਚ ਆਸਾ ਦੀ ਵਾਰ ਦੇ ਕੀਰਤਨ-ਸਮਾਗਮ ਹੋਏ। ਇਸ ਸਮਾਗਮ ਤੇ ਸ਼ਿਮਲੇ ਦੀਆਂ ਸਮੂਹ ਸੰਗਤਾਂ ਨੇ ਭਾਰੀ ਹਾਜ਼ਰੀ ਭਰੀ ਤੇ ਲਾਹੇ ਪ੍ਰਾਪਤ ਕੀਤੇ। ਉਪਰੰਤ ਗੁਰੂ ਕਾ ਅਤੁਟ ਲੰਗਰ ਵਰਤਿਆ। ਇਸੇ ਦਿਨ ਹੀ ਸ਼ਿਮਲੇ ਦੀ ਸੰਗਤ ਤੋਂ ਵਿਦਾਇਗੀ ਲੈ ਕੇ ਜਥੇ ਨੇ ਮੁੜ ਦਿਲੀ ਲਈ ਕਮਰਕਸੇ ਕੀਤੇ ਤੇ ੨੨ ਜੂਨ ਸਵੇਰੇ ਦਿਲੀ ਪੁਜ ਕੇ ਯਾਤਰਾ ਸਮਾਪਤ ਹੋਈ।

"ਸਫਲ ਸਫਲ ਭਈ ਸਫਲ ਜਾਤ੍ਰਾ ॥
ਆਵਣ ਜਾਣ ਰਹੇ ਮਿਲੇ ਸਾਧਾ ॥" (੬੮੭)

ਇਹ ਸਾਰੀ ਯਾਤਰਾ ਬਸਾਂ ਵਿਚ ਪਹਾੜੀ ਸੜਕਾਂ ਤੇ ਹੋਈ, ਜਿਥੇ ਕਿ ਕਦਮ ਕਦਮ ਤੇ ਡਰ ਲਗਦਾ ਸੀ। ਪਰ ਧੰਨ ਸਤਿਗੁਰੂ ਸਚਾ ਪਾਤਸ਼ਾਹ, ਜਿਨ੍ਹਾਂ ਦੀ ਬਖਸ਼ਸ਼ ਦਾ ਸਦਕਾ ਸਾਰਾ ਸਫਰ ਨਿਰਵਿਘਨ ਸੰਪੂਰਨ ਹੋਇਆ। ਵਡੀ ਗੁਰੂ ਦੀ ਕਿਰਪਾ ਇਹ ਹੋਈ ਕਿ ਸਾਰੀ ਯਾਤਰਾ ਬਸਾਂ ਵਿਚ ਕੀਰਤਨ ਹੁੰਦੇ ਰਹੇ। ਜਿਥੇ ਜਿਥੇ ਭੀ ਨਿਵਾਸ ਹੋਇਆ, ਸਾਰੀ ਸੰਗਤ ਨੂੰ ਗੁਰੂ ਜੀ ਨੇ ਐਸਾ ਉਦਮ ਬਖਸ਼ਿਆ ਅਤੇ ਮੇਹਰਾਂ ਕੀਤੀਆਂ ਕਿ ਇਨ੍ਹਾਂ ਪੰਦਰ੍ਹਾਂ ਦਿਨਾਂ ਦੀ ਯਾਤਰਾ ਵਿਚ ਅੰਮ੍ਰਿਤ ਵੇਲੇ ਦੇ ਜਾਗੇ ਬਖਸ਼ੇ, ਨਾਮ ਦੇ ਖ਼ੂਬ ਖੰਡੇ ਖੜਕਵਾਏ, ਨਿਤਨੇਮ ਕਰਵਾਏ ਅਤੇ ਦੋਨੋਂ ਵਕਤ ਕੀਰਤਨ ਦੇ ਲਾਹੇ ਬਖਸ਼ੇ। ਸਾਰੀ ਸੰਗਤ ਦਾ ਆਪਸ ਵਿਚ ਪ੍ਰੇਮ-ਪਿਆਰ ਉਛਲ ਉਛਲ ਪੈਂਦਾ ਸੀ ਅਤੇ ਲੰਗਰ ਆਦਿ ਦੀ ਸੇਵਾ, ਗੁਰੂ ਕੇ ਲਾਲਾਂ ਅਤੇ ਬੀਬੀਆਂ ਨੇ ਖ਼ੂਬ ਨਿਭਾਹੀ, ਜੋ ਵਰਨਨ ਨਹੀਂ ਕੀਤੀ ਜਾਂ ਸਕਦੀ। ਨਾਲ ਇਹ ਭੀ ਵਰਨਨ ਯੋਗ ਹੈ ਕਿ ਜਿਥੇ ਜਿਥੇ ਵੀ ਇਹ ਜਥਾ ਪੁਜਿਆ, ਗੁਰਬਾਣੀ ਦੇ ਕੀਰਤਨ ਦਾ ਸਦਕਾ ਲੋਕਲ ਸੰਗਤਾਂ ਨੇ ਆਪਣੇ ਕਾਰ-ਵਿਹਾਰ ਛਡ ਕੇ ਸਾਰਾ ਸਮਾਂ ਜਥੇ ਦੀ ਸੇਵਾ ਵਿਚ ਲਾਇਆ ਤੇ ਕੀਰਤਨ ਦੇ ਅਨੰਦ ਭੀ ਮਾਣੇ। ਇਹ ਸੋਹਣੀ ਯਾਤਰਾ ਕਦੇ ਭੁਲ ਨਹੀਂ ਸਕਦੀ।

## ਸਫਲ ਯਾਤਰਾ

ਬੱਚੀ ਕਿਰਪਾਲ ਕੌਰ ਸਪੁੱਤਰੀ ਗਿ: ਸੁਜਾਨ ਸਿੰਘ ਜੀ ਨਵੀਂ ਦਿੱਲੀ ੨੨ ਸਾਲ ਦੀ ਉਮਰ ਵਿਚ ੨੧ ਜੁਲਾਈ ੮੧ ਰਾਤ ਨੂੰ ਸੁਤੇ ਸੁਤੇ ਹੀ ਗੁਰਪੁਰੀ ਪਿਆਨੇ ਕਰ ਗਈ। ਇਹ ਬੀਬੀ ਅੰਮ੍ਰਿਤ ਵੇਲੇ ਉਠਦੀ, ਨਾਮ ਬਾਣੀ ਵਿਚ ਜੁਟਦੀ ਅਤੇ ਹੋਰਨਾਂ ਨੂੰ ਪ੍ਰੇਰਦੀ, ਗੁ: ਸੀਸ ਗੰਜ ਤੇ ਬੰਗਲਾ ਸਾਹਿਬ ਵਿਖੇ ਪੁਜ ਕੇ ਅਤੁਟ ਸੇਵਾ ਕਰਦੀ ਹੋਈ ਗੁਰਸਿਖੀ ਜੀਵਨ ਜੀਂਦੀ ਰਹੀ। ਸੱਚੇ ਪਾਤਸ਼ਾਹ ਬੱਚੀ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

**ਢੁੱਡੀਆਂ (ਕਪੂਰਥਲਾ) ਵਿਚ ੧੦-੧੪ ਸਤੰਬਰ ਤਕ ਦੇ ਪ੍ਰੋਗਰਾਮ ਮੁਲਤਵੀ ਕਰ ਦਿਤੇ ਗਏ ਹਨ**

**ਪਾਠਕਾਂ ਦੀਆਂ ਥਾਂ ਥਾਂ ਤੋਂ ਪੁੱਛਾਂ ਦੇ ਉੱਤਰ ਵਿਚ ਦਸਿਆ ਜਾਂਦਾ ਹੈ ਕਿ "*ਰਾਗ ਮਾਲਾ ਨਿਰਣਯ*" ਪੁਸਤਕ ਛਪ ਗਈ ਹੈ। ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਲੈ ਸਕਦੇ ਹੋ।**



www.AKJ.Org

# ਰਹਿਣੀ ਰਹੇ ਸੋਈ ਸਿਖ ਮੇਰਾ

[ਵਲੋਂ—ਪ੍ਰੋਫੈਸਰ ਸਾਹਿਬ ਸਿੰਘ ਜੀ, ਡੀ. ਲਿਟ]

ਪਹਾੜੀ ਰਾਜੇ, ਸ਼ਾਹੀ ਫ਼ੌਜ ਸਰਹੰਦ ਦਾ ਸੂਬਾ ਵਜੀਰ ਖ਼ਾਂ, ਇਹਨਾਂ ਸਭਨਾਂ ਨੇ ਰਲ ਕੇ ਅਨੰਦਪੁਰ ਤੇ ਘੇਰਾ ਪਾਈ ਰੱਖਿਆ। ਆਖ਼ਰ ੬-੭ ਪੋਹ ਸੰਮਤ ੧੭੬੧ ਦੀ ਵਿਚਕਾਰਲੀ ਰਾਤ ਨੂੰ ਸਾਹਿਬ ਕਲਗੀਧਰ ਜੀ ਨੇ ਅਨੰਦਪੁਰ ਸਦਾ ਲਈ ਛੱਡ ਦਿੱਤਾ। ਵਰਖਾ ਕਰਕੇ ਸਰਸਾ ਅੱਗੇ ਜ਼ੋਰਾਂ ਤੇ ਸੀ। ਪਿੱਛੇ ਵੈਰੀ ਆਪਣੇ ਸਾਰੇ ਕੌਲ-ਇਕਰਾਰ ਭੁੱਲ ਕੇ ਕਾਰੀ ਚੋਟ ਲਾਉਣ ਲਈ ਚੜ੍ਹਿਆ ਆ ਰਿਹਾ ਸੀ। ਸੈਂਕੜੇ ਸਿੰਘਾਂ ਵਿਚੋਂ ਜਿਥੋਂ ਸਰਸਾ ਤੋਂ ਪਾਰ ਜਿਹੜੇ ਸਿੰਘ ਲੰਘੇ, ਉਹਨਾਂ ਨੂੰ ਰੋਪੜ ਦੇ ਪਠਾਣਾਂ ਨਾਲ ਟਾਕਰਾ ਕਰਨਾ ਪਿਆ। ਸਿਰਫ਼ ੪੦ ਸਿੰਘ ਜੀਊਂਦੇ ਲੰਘ ਸਕੇ।

ਲੱਖਾਂ ਵੈਰੀਆਂ ਦੇ ਟਾਕਰੇ ਤੇ ਸਿਰਫ਼ ੪੦ ਸਿੰਘ! ਇਹ ਭੀ ਇਕ ਕੱਚੀ ਹਵੇਲੀ ਵਿਚ ਹੀ ਘਿਰੇ ਹੋਏ। ਦੁਨੀਆ ਦੇ ਵੱਡੇ ਵੱਡੇ ਜਰਨੈਲ ਵਧ ਤੋਂ ਵਧ ਫ਼ੌਜਾਂ ਦੇ ਹੁੰਦਿਆਂ ਵੀ ਖੁਲ੍ਹੇ ਮੈਦਾਨ ਵਿਚ ਵੈਰੀਆਂ ਦੇ ਸਾਹਮਣੇ ਹਥਿਆਰ ਸੁੱਟਦੇ ਆਏ। ਪਰ ਸਦੀਆਂ ਦੇ ਲਤਾੜੇ ਹੋਏ ਗਰੀਬਾਂ ਵਿਚ ਮਨੁੱਖਤਾ ਵਾਲਾ ਅਹਿਸਾਸ ਪੈਦਾ ਕਰਨ ਲਈ ਗੁਰੂ ਪਾਤਸ਼ਾਹ ਨੇ ਗੁਲਾਮੀ ਵਿਚੋਂ ਕੱਢ ਕੇ ਜਿਵਾਏ ਹੋਏ ਇਹਨਾਂ '੪੦' ਮਰਦਾਂ ਦੇ ਨਾਲ ਹੀ ਇਕ ਅਦੁੱਤੀ ਕਾਰਨਾਮਾ ਕਰ ਵਿਖਾਇਆ। ਹਵੇਲੀ ਤੋਂ ਬਾਹਰ ਵੈਰੀ ਦਾ ਦਲ ਸਮੁੰਦਰ ਵਾਂਗ ਠਾਠਾਂ ਮਾਰ ਰਿਹਾ ਹੈ। ਪਰ ਹਵੇਲੀ ਦੇ ਨੇੜੇ ਕਿਸੇ ਨੂੰ ਢੁਕਣ ਦੀ ਹਿੰਮਤ ਨਹੀਂ ਪੈਂਦੀ। ੨੨ ਦਸੰਬਰ ੮ ਪੋਹ ਦਾ ਇਹ ਦਿਹਾੜਾ ਦੁਨੀਆ ਦੇ ਇਤਿਹਾਸ ਵਿਚ ਸਦਾ ਲਈ ਕਾਇਮ ਰਹੇਗਾ। ੮-੯ ਪੋਹ, ੨੨-੨੩ ਦਸੰਬਰ ਦੀ ਵਿਚਾਲੀ ਰਾਤ ਨੂੰ ਵੈਰੀਆਂ ਦੇ ਸੁੱਤੇ ਪਏ ਦਲ ਨੂੰ, ਵੰਗਾਰ ਕੇ ਉਹਨਾਂ ਵਿਚੋਂ ਸਹੀ ਸਲਾਮਤ ਲੰਘ ਜਾਣਾ ਵੀ ਜੰਗੀ ਕਰਤੱਵ ਦਾ ਕੋਈ ਸਾਧਾਰਨ ਜਿਹਾ ਨਮੂਨਾ ਨਹੀਂ ਹੈ। ਅਗਲੇ ਦਿਨ ਸ਼ਾਹੀ ਫ਼ੌਜ ਤੇ ਪਹਾੜੀ ਰਾਜੇ ਨਿੰਮੋ-ਝੂਣ ਹੋ ਕੇ ਆਪਣੇ ਵਲੋਂ ਜਿੱਤੀ ਬਾਜੀ ਨੂੰ ਹਾਰ ਕੇ ਢੇਰੀ ਢਾਹ ਬੈਠੇ। ਪਰ ਸਰਹੰਦ ਦੇ ਸੂਬੇ ਨੂੰ ਅਜੇ ਵੀ ਉਮੀਦ ਹੈ ਕਿ ਅਨੰਦਪੁਰ ਤੋਂ ਨਿਕਲੇ ਗੁਰੂ ਪਾਤਿਸ਼ਾਹ ਨੂੰ ਉਹ ਕਿਤੇ ਨ ਕਿਤੇ ਲੱਭ ਸਕੇਗਾ।

ਉਸ ਨੇ ਚਾਰ-ਚੁਫੇਰੇ ਫੌਜੀ ਦਸਤੇ ਭੇਜ ਦਿੱਤੇ। ਪਰ ਉੱਚ ਦਾ ਪੀਰ ਬਣ ਕੇ ਉਹਨਾਂ ਸਭਨਾਂ ਵਿਚੋਂ ਖ਼ੈਰੀਂ-ਮਿਹਰੀਂ ਨਿਕਲ ਜਾਣਾ ਵੀ ਸਿਪਾਹੀ-ਗੀਰੀ ਦਾ ਚੋਟੀ ਦਾ ਕਾਰਨਾਮਾ ਹੈ। ਕਈ ਅੰਞਾਣ ਨੌਜੁਆਨ ਆਖ ਦਿਆ ਕਰਦੇ ਹਨ ਕਿ ਗੁਰੂ ਜੀ ਜਾਨ ਬਚਾ ਕੇ ਨਿਕਲ ਗਏ। ਇਹ ਗੱਲ ਸਾਧਾਰਨ ਜਿਹੀ ਨਹੀਂ ਹੈ। ਜੰਗ ਦੋ ਕਿਸਮ ਦੇ ਹੁੰਦੇ ਹਨ: ੧. ਸ਼ਾਂਤ-ਮਈ, ੨. ਤਲਵਾਰ ਵਾਲਾ।

ਸ਼ਾਂਤਮਈ ਜੰਗ ਵਿਚ ਮਨੁੱਖ ਨੂੰ ਆਪਣੇ ਆਪ ਨੂੰ ਵੈਰੀ ਦੇ ਹਵਾਲੇ ਕਰਨਾ ਪੈਂਦਾ ਹੈ, ਜਿਵੇਂ ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕੀਤਾ, ਤੇ ਜਿਵੇਂ ਅਕਾਲੀ ਲਹਿਰ ਦੇ ਵੇਲੇ ਗੁਰੂ ਦੇ ਬਾਗ ਦੇ ਮੋਰਚੇ ਦੇ ਸਮੇ, ਜੈਤੋ ਦੇ ਮੋਰਚੇ ਦੇ ਸਮੇ ਅਕਾਲੀ ਸਿੰਘ ਆਪਣੇ ਆਪ ਨੂੰ ਹਕੂਮਤ ਦੇ ਹਵਾਲੇ ਕਰਦੇ ਰਹੇ। ਗੁਲਾਮੀ ਵਿਚ ਲੋਕ ਇਕੱਲੇ ਮਾਰ ਖਾਂਦੇ ਹਨ ਤੇ ਨਿਤਾਣੇ ਹੁੰਦੇ ਹਨ। ਤੇ ਕਦੇ ਇਹ ਹੌਸਲਾ ਕਰ ਹੀ ਨਹੀਂ ਸਕਦੇ ਕਿ ਜਰਵਾਣੇ ਨਾਲ ਟਾਕਰਾ ਕਰਨ। ਇਸ ਅਵਸਥਾ ਵਿਚ ਇਹ ਜਨਤਾ-ਸ਼ੇਰ ਅੰਗ ਅੰਗ ਹੋ ਕੇ ਜ਼ੰਜੀਰਾਂ ਵਿਚ ਜਕੜਿਆ ਪਿਆ ਹੁੰਦਾ ਹੈ। ਕੋਈ ਵਿਰਲੇ ਰੱਬੀ ਪਿਆਰੇ ਉਠਦੇ ਹਨ ਤੇ ਇਸ ਸੁੱਤੇ ਹੋਏ ਸ਼ੇਰ ਨੂੰ ਜਗਾਣ ਲਈ ਸ਼ਾਂਤ-ਮਈ ਕੁਰਬਾਨੀ ਕਰਦੇ ਹਨ ਤੇ ਜਨਤਾ ਨੂੰ ਵੀ ਜਾਚ ਸਿਖਾਂਦੇ ਹਨ ਕਿ ਜਾਬਰ ਵਲੋਂ ਰਲ ਕੇ ਸਟ ਸਹਾਰਿਆਂ ਕਮਜ਼ੋਰ ਵਿਚ ਹਿੰਮਤ ਪੈਦਾ ਹੁੰਦੀ ਹੈ। ਖੇਰੂ ਖੇਰੂ ਹੋਇਆਂ ਨੂੰ ਇਕ-ਮੁੱਠ ਹੋਈ ਜਨਤਾ ਉਤੇ ਜਰਵਾਣਾ ਸੰਭਲ ਕੇ ਠੋਕਰ ਮਾਰਦਾ ਹੈ।

ਪਰ ਜਿਹੜਾ ਮਾਣ ਵਿਚ ਮਤਾ ਜਾਬਰ ਅਜੇ ਵੀ ਨ ਸਮਝੇ, ਉਸ ਦਾ ਇਕੋ ਇਕ ਇਲਾਜ ਰਹਿ ਜਾਂਦਾ



www.AKJ.Org

ਹੈ, ਉਹ ਹੈ ਖੰਡਾ । ਕਲਗੀਧਰ ਪਾਤਸ਼ਾਹ ਜੀ ਨੇ ਇਹ ਗੱਲ ਔਰੰਗਜ਼ੇਬ ਨੂੰ ਲਿਖੀ ਸੀ, ਜਦੋਂ ਜ਼ਫਰਨਾਮਾ ਲਿਖਿਆ ਸੀ ਤੇ ਇਹ ਚੀਜ਼ ਵਿਚ ਲਿਖੀ ਸੀ :–

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ੱਸਤ । ਹਲਾਲ ਅਸਤ ਬੁਰਦਨ ਬ-ਸ਼ਮਸ਼ੇਰ ਦਸਤ ॥੨੨॥

ਭਾਵ, ਜਦੋਂ ਕਿਸੇ ਕਾਰਜ ਵਿਚ ਸਾਰੇ ਜਤਨ ਤੇ ਉਪਾਵ ਖ਼ਤਮ ਹੋ ਜਾਣ ਤਾਂ ਫਿਰ ਸਿਰੀ ਸਾਹਿਬ ਹੱਥ ਵਿਚ ਲੈਣੀ ਜਾਇਜ਼ ਹੈ ।

ਪਰ, ਜੇ ਹੱਥ ਵਿਚ ਖੰਡਾ ਫੜ ਲਵੇ, ਫਿਰ ਆਪਣੇ ਆਪ ਨੂੰ ਵੈਰੀ ਦੇ ਹਵਾਲੇ ਨਹੀਂ ਕਰੀਦਾ । ਸ਼ਾਂਤ-ਮਈ ਜੰਗ ਤੇ ਖੰਡੇ ਦੀ ਜੰਗ ਦੀ ਮਰਯਾਦਾ ਵਖੋ ਵਖਰੀ ਹੈ । ਹੱਥ ਵਿਚ ਖੰਡਾ ਫੜ ਕੇ ਵੈਰੀ ਦੇ ਹਰੇਕ ਦਾਉ ਨੂੰ ਨਿਕੰਮਾ ਕਰਨਾ ਪੈਂਦਾ ਹੈ; ਤੇ ਉਸ ਦੀ ਪਕੜ ਵਿਚੋਂ ਆਪਣੇ ਆਪ ਨੂੰ ਬਚਾਉਣਾ ਹੈ । ਜਾਗੀ ਹੋਈ ਜਨਤਾ ਆਪਣੇ ਇਸ ਮਹਾਨ ਉਚੇ ਜਿੰਦ-ਦਾਤੇ ਨੂੰ ਵੈਰੀ ਦੇ ਹੱਥੋਂ ਬਚਾਣ ਲਈ ਹਰੇਕ ਉਦਮ ਕਰਦੀ ਹੈ । ਵਜ਼ੀਰ ਖ਼ਾ ਦੰਦ ਹੀ ਪੀਂਹਦਾ ਰਹਿ ਗਿਆ । ਪਰ ਕਲਗੀਧਰ ਪਾਤਸ਼ਾਹ ਸਰਹੰਦ ਤੋਂ ੯੦ ਮੀਲ ਦੀ ਵਿਥ ਤੇ ਖਿਦਰਾਣੇ ਦੀ ਢਾਬ ਉਤੇ ਜਾ ਅਪੜੇ । ਵੈਰੀ ਨੇ ਇਥੋਂ ਤਕ ਵੀ ਪਿੱਛਾ ਕੀਤਾ । ਪਰ ਮੂੰਹ ਦੀ ਖਾਣੀ ਪਈ ਸੀ । ਜਿਨ੍ਹਾਂ ਪਰਵਾਨਿਆਂ ਨੇ ਆਪਣੇ ਆਪ ਨੂੰ ਉਸ ਜੁਧ ਵਿਚ ਕੁਰਬਾਨ ਕੀਤਾ ਸੀ, ਉਹਨਾਂ ਦੀ ਯਾਦ ਵਿਚ ਹੁਣ ਗੁਰਦੁਆਰਾ ਮੁਕਤਸਰ ਬਣਿਆ ਹੋਇਆ ਹੈ ।

ਇਥੋਂ ਗੁਰੂ ਜੀ ਸਾਬੋ ਕੀ ਤਲਵੰਡੀ ਗਏ । ਇਥੇ ਇਕ ਸਾਲ ਤੋਂ ਵਧੀਕ ਸਮਾ ਰਹੇ । ਚੌਧਰੀ ਡਲੇ ਨੇ ਬੜੀ ਸੇਵਾ ਕੀਤੀ । ਇਹ ਬੜਾ ਹੀ ਨਿਡਰ ਹੋਵੇਗਾ । ਵਜ਼ੀਰ ਖ਼ਾਂ ਨੇ ਕਈ ਵਾਰੀ ਡਰਾਵੇ ਵੀ ਘਲੇ, ਕਿ ਸਰਕਾਰ ਦੇ ਬਾਗੀ ਨੂੰ ਤੂੰ ਰਖਿਆ ਹੋਇਆ ਹੈ, ਤੇਰੀ ਖ਼ੈਰ ਨਹੀਂ । ਪਰ ਡਲੇ ਰਤਾ ਭੀ ਪ੍ਰਵਾਹ ਨ ਕੀਤੀ । ਬੜੀ ਭਾਰੀ ਕੁਰਬਾਨੀ ਹੈ । ਆਪਣਾ ਰਾਜ ਭਾਗ, ਆਪਣੀ ਇੱਜ਼ਤ, ਦੌਲਤ, ਮਾਲ-ਮਿਲਖ, ਸਭ ਕੁਝ ਖ਼ਤਰੇ ਵਿਚ ਪਾ ਕੇ ਗੁਰੂ-ਸੇਵਾ ਤੋਂ ਜ਼ਰਾ ਨ ਡੋਲਿਆ । ਇਕ ਦਿਨ ਕਲਗੀਧਰ ਜੀ ਤੇ ਚੌਧਰੀ ਡਲਾ ਇਕੱਠੇ ਬੈਠੇ ਸਨ । ਗੁਰੂ ਜੀ ਨੇ ਉਸ ਦੀ ਸੇਵਾ ਤੇ ਕੁਰਬਾਨੀ ਵਲ ਤਕ ਕੇ ਆਖਿਆ, "ਡਲਿਆ ! ਸਾਡੀ ਖ਼ਾਤਰ ਤੂੰ ਆਪਣੇ ਆਪ ਨੂੰ ਖ਼ਤਰੇ ਵਿਚ ਪਾਈ ਰਖਿਆ ਹੈ । ਹੁਣ ਮੰਗ, ਕੀ ਮੰਗਦਾ ਹੈਂ ? ਦੁਨੀਆ ਦਾ ਜੇ ਰਾਜ ਭਾਗ ਚਾਹੇਂ ਤਾਂ ਅਕਾਲ ਪੁਰਖ ਦੀ ਦਰਗਾਹ ਵਿਚੋਂ ਤੈਨੂੰ ਦਿਵਾ ਸਕਦੇ ਹਾਂ ।" ਡਲੇ ਨੇ ਅਰਜ਼ ਕੀਤੀ, "ਪਾਤਸ਼ਾਹ ! ਤੇਰੀ ਮਿਹਰ ਨਾਲ ਦੁਨੀਆ ਤੇ ਅਗੇ ਵੀ ਬਥੇਰੀ ਹੈ, ਪਰ ਜੇ ਤੂੰ ਪਾਤਸ਼ਾਹ ! ਤੁਠਣ ਲਗਾ ਹੈਂ ਤਾਂ ਮਿਹਰ ਕਰ ਕੇ ਇਕ ਪੀੜ੍ਹੀ ਜਿਤਨਾ ਥਾਂ ਆਪਣੇ ਚਰਨਾਂ ਵਿਚ ਦੇ ਦਿਓ ।"

ਇਹ ਇਕ ਅਜੀਬ ਮੰਗ ਸੀ । ਪਰ ਸਤਿਗੁਰੂ ਜੀ ਉਤੇ ਵੀ ਇਕ ਬੜੀ ਜ਼ਿਮੇਵਾਰੀ ਦਾ ਮੌਕਾ ਆ ਬਣਿਆ । ਕਿਉਂ ਜੁ ਡਲੇ ਨੇ ਆਪਣੀ ਦੁਨੀਆ ਗੁਰੂ ਪਾਤਸ਼ਾਹ ਲਈ ਖ਼ਤਰੇ ਵਿਚ ਪਾਈ ਸੀ ਤੇ ਸਤਿਗੁਰੂ ਜੀ ਉਸ ਨੂੰ ਹੋਰ ਦੁਨੀਆ ਦੇਣ ਲਈ ਤਿਆਰ ਸਨ । ਡਲਾ ਦੁਨੀਆ ਦੇ ਬਦਲੇ ਦੀਨ ਮੰਗ ਰਿਹਾ ਹੈ । ਦੁਨੀਆ ਦੇ ਬਦਲੇ ਗੁਰੂ ਪਾਤਸ਼ਾਹ ਦਾ ਸਾਥ ਮੰਗ ਰਿਹਾ ਹੈ । ਪਰ ਦੁਨੀਆ ਦਾ ਸਿੱਕਾ ਹੋਰ ਹੈ ਤੇ ਆਤਮਕ ਮੰਡਲ ਦਾ ਸਿੱਕਾ ਹੋਰ । ਇਹ ਆਪੋ ਵਿਚ ਸਿੱਕੇ ਵਟਾਏ ਨਹੀਂ ਜਾ ਸਕਦੇ–

ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ ॥
ਰਾਵਨ ਹੁਤੇ ਸੁ ਰੰਕ ਨਹਿ, ਜਿਨਿ ਸਿਰੇ ਦੀਨੇ ਕਾਟਿ ॥੧॥

ਕਲਗੀਧਰ ਪਾਤਸ਼ਾਹ ਜੀ ਨੇ ਸੰਨ ੧੬੯੯ ਵਿਚ ਉਹਨਾਂ ਨਾਲ ਸਾਥ ਰਖਿਆ ਸੀ, ਜਿਨ੍ਹਾਂ ਇਕ ਜੀਵਨ-ਸਫ਼ਰ ਦਾ ਭਾਰੀ ਪ੍ਰਣ ਲਿਆ ਸੀ । ਜਿਨ੍ਹਾਂ ਆਖਿਆ, ਪਾਤਸ਼ਾਹ ! ਜੇ ਤੂੰ ਸਾਡੇ ਸਿਰ ਉਤੇ ਹੱਥ ਰਖੀ ਰਖੇਂ, ਤਾਂ ਅਸੀਂ ਤੇਰੀ ਹਜ਼ੂਰੀ ਵਿਚ ਸੰਗਤ ਵਿਚ ਇਕਰਾਰ ਕਰਦੇ ਹਾਂ, ਕਿ ਅਸੀ ਪਰ-ਇਸਤ੍ਰੀ ਨਾਲ ਮੰਦ ਕਰਮੀ ਨਹੀਂ ਕਰਾਂਗੇ, ਪਰ-ਇਸਤ੍ਰੀ-ਗਾਮੀ ਨਹੀਂ ਕਰਾਂਗੇ, ਨਸ਼ਿਆਂ ਦਾ ਸੇਵਨ ਨਹੀਂ ਕਰਾਂਗੇ, ਤਮਾਕੂ


www.AKJ.org

# "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ"

[ਵਲੋਂ–ਬੀਬੀ ਜੁਗਿੰਦਰ ਕੌਰ ਐਮ. ਏ., ਦੁਆਬਾ ਖਾਲਸਾ ਮਿਡਲ ਸਕੂਲ, ਜਲੰਧਰ]

ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਮਾਤਮਾ ਦੀ ਪ੍ਰਾਪਤੀ ਦਾ ਰਸਤਾ ਕਲਜੁਗੀ ਜੀਵਾਂ ਲਈ ਕਿਤਨਾ ਹੀ ਸੌਖਾ ਬਣਾ ਦਿਤਾ ਹੈ। ਆਪ ਜੀ ਨੇ ਸਵੱਈਆਂ ਵਿੱਚ ਕਿਹਾ ਹੈ–

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।

ਰੱਬ ਨਾਲ ਸੱਚਾ ਪ੍ਰੇਮ, ਸੱਚਾ ਪਿਆਰ ਕਰੋ, ਫਿਰ ਕੀ ਹੋਵੇਗਾ ? ਸੱਚਾ ਪਿਆਰ ਤੁਹਾਨੂੰ ਉਸ ਪ੍ਰਮਾਤਮਾ ਨਾਲ ਹੀ ਮੇਲ ਦੇਵੇਗਾ। ਜਿਵੇਂ ਇਕ ਲਾਇਕ ਲੜਕਾ ਹੋਵੇ ਤੇ ਆਪਣੇ ਮਾਤਾ ਪਿਤਾ ਦਾ ਆਗਿਆਕਾਰੀ ਹੋਵੇ ਤਾਂ ਉਸ ਨੂੰ ਮਾਪਿਆਂ ਦਾ ਪਿਆਰ ਪ੍ਰਾਪਤ ਹੋ ਜਾਂਦਾ ਹੈ। ਮਾਤਾ-ਪਿਤਾ ਦੀ ਪ੍ਰਸੰਨਤਾ ਪ੍ਰਾਪਤ ਹੋਣ ਤੇ ਬੱਚੇ ਨੂੰ ਕਿਸੇ ਗੱਲ ਦੀ ਕਮੀ ਨਹੀਂ ਰਹਿੰਦੀ। ਠੀਕ ਇਸ ਤਰ੍ਹਾਂ ਜਦੋਂ ਅਸੀਂ ਆਪਣੇ ਗੁਰੂ ਨਾਲ ਸੱਚਾ ਪ੍ਰੇਮ ਕਰਦੇ ਹਾਂ ਤਾਂ ਗੁਰੂ ਮਹਾਰਾਜ ਦੀਆਂ ਸਭ ਖੁਸ਼ੀਆਂ ਸਾਨੂੰ ਪ੍ਰਾਪਤ ਹੋ ਜਾਂਦੀਆਂ ਹਨ ਤੇ ਕਿਸੇ ਚੀਜ਼ ਦੀ ਕਮੀ ਨਹੀਂ ਰਹਿੰਦੀ। ਜਦੋਂ ਅਸੀਂ ਪ੍ਰਭੂ-ਪਿਤਾ ਨੂੰ ਸੱਚੇ ਦਿਲੋਂ ਪ੍ਰੇਮ ਪਿਆਰ ਕਰਦੇ ਹਾਂ ਤਾਂ ਪਿਤਾ ਤਰੁੱਠ ਪੈਂਦਾ ਹੈ ਤੇ ਪ੍ਰਸੰਨ ਹੋ ਕੇ ਸਭ ਕੁਝ ਬਖਸ਼ ਦਿੰਦਾ ਹੈ–

ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ, ਬਾਰਕਿ ਮੁਖਿ ਮਾਂਗੈ ਸੋ ਦੇਨਾ ॥੪॥੨॥ (੧੨੬੬)

ਪਰ ਇਸ ਪ੍ਰੇਮ ਜਾ ਪਿਆਰ ਲਫਜ਼ ਦੇ ਪਿਛੇ ਬਹੁਤ ਕੁਝ ਲੁਕਿਆ ਹੋਇਆ ਹੈ। ਜਿਹਾ ਕਿ ਸਭ ਤੋਂ ਪਹਿਲਾਂ ਉਸ ਵਾਹਿਗੁਰੂ ਦੇ ਹੁਕਮ ਦੀ ਪਾਲਣਾ ਕਰਨੀ ਹੈ। ਪ੍ਰੇਮ ਦੀ ਪਉੜੀ ਤੇ ਤਾਂ ਹੀ ਚੜ੍ਹਿਆ ਜਾ ਸਕਦਾ ਹੈ, ਜੇ ਆਗਿਆਕਾਰੀ ਬਣੀਏ। ਆਗਿਆਕਾਰੀ ਹੋਣ ਲਈ ਹੁਕਮ ਦੀ ਪਾਲਣਾ ਕਰਨੀ ਅਤੀ ਜ਼ਰੂਰੀ ਹੈ। ਹੁਕਮ ਦੀ ਪਾਲਣਾ ਕਰਨੀ, ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਿੰਘ (ਸ਼ੇਰ) ਬਨਣਾ ਹੈ। ਅੰਮ੍ਰਿਤ ਵੇਲੇ ਉਠ ਕੇ ਨਾਮ ਨਾਲ ਜੁੜਨਾ, ਸਾਧ ਸੰਗਤ ਵਿੱਚ ਜਾਣਾ, ਸੰਗਤਾਂ ਦੀ ਚਰਨ-ਧੂੜੀ ਮਸਤਕ ਤੇ ਲਗਾਉਣੀ, ਵੰਡ ਛਕਣਾ,

---

ਨਹੀਂ ਵਰਤਾਂਗੇ। ਮੁਗਲਾਂ ਦੇ ਡਰ ਹੇਠਾਂ ਨਹੀਂ ਆਵਾਂਗੇ, ਅਸੀ ਕੁੱਠਾ *ਮਾਸ ਨਹੀਂ ਖਾਵਾਂਗੇ।

ਇਨਸਾਨੀ ਜ਼ਿੰਦਗੀ ਦੇ ਇਹ ਮੁਢਲੇ ਨਿਯਮ ਹਰੇਕ ਮਨੁੱਖ ਲਈ ਜ਼ਰੂਰੀ ਹਨ। ਗੁਰੂ ਪਾਤਿਸ਼ਾਹ ਨੇ ਆਪ ਵੀ ਕੇਸ ਗੜ੍ਹ ਦੇ ਸਾਹਮਣੇ ਇਹ ਇਕਰਾਰ ਕੀਤਾ ਸੀ।

ਹਜ਼ੂਰ ਨੇ ਚੌਧਰੀ ਡਲੇ ਨੂੰ ਆਖਿਆ, ਜੇ ਸਾਡੇ ਨਾਲ ਆਤਮਕ ਸਾਂਝ ਪਾਣੀ ਹੈ, ਜੀਵਨ-ਸਫ਼ਰ ਦੀ ਜਿਸ ਪਟੜੀ ਤੇ ਅਸੀ ਤੁਰ ਰਹੇ ਹਾਂ, ਜੋ ਪ੍ਰਣ ਅਸੀ ਲਿਆ ਹੈ, ਅਤੇ ਜੋ ਬਾਕੀ ਸਿੰਘਾਂ ਨੇ ਲਿਆ ਹੈ, ਉਹੀ ਪ੍ਰਣ ਤੁਹਾਨੂੰ ਲੈਣਾ ਪਏਗਾ।

ਇਹ ਗੱਲ ਸੁਣ ਕੇ ਅਗਲੇ ਦਿਨ ਭਾਈ ਡਲੇ ਨੇ ਸਣੇ ਪਰਵਾਰ ਅੰਮ੍ਰਿਤ ਛਕਿਆ ਤੇ ਡਲਾ ਸਿੰਘ ਬਣਿਆ– ਰਹਿਣੀ ਰਹੇ ਸੋਈ ਸਿਖ ਮੇਰਾ। ਉਹ ਸਾਹਿਬ ਮੈ ਉਸ ਕਾ ਚੇਰਾ।

ਜੀਵਨ-ਸਾਥ ਬਾਰੇ ਹਜ਼ੂਰ ਨੇ ਇਹੀ ਹੁਕਮ ਕੀਤਾ ਹੋਇਆ ਹੈ, ਤੇ ਇਹ ਬਚਨ ਸਦਾ ਅਟੱਲ ਹੈ। ਦੁਨੀਆ ਵਿਚ ਉਹ ਕੌਮਾਂ ਜੀਉਂਦੀਆਂ ਹਨ ਜੋ ਆਪਣੇ ਪੈਰਾਂ ਤੇ ਆਪ ਖਲੋ ਸਕਣ। ਪੰਥਕ ਤੌਰ ਤੇ ਆਪਣੀ ਹਸਤੀ ਕਾਇਮ ਰਖਣ ਲਈ ਸਾਡੇ ਵਾਸਤੇ ਜ਼ਰੂਰੀ ਹੈ ਕਿ ਅਸੀ ਆਪਣੇ ਗੁਰੂ ਦੇ ਪਾਏ ਪੂਰਨੇ ਤੇ ਤੁਰੀਏ। ਖਾਲਸਾ ਪੰਥ ਦੇ ਸਾਜਣਹਾਰ ਗੁਰੂ ਗੋਬਿੰਦ ਸਿੰਘ ਜੀ ਨੇ ਹਰੇਕ ਸਿਖ ਲਈ ਇਹ ਹੁਕਮ ਕੀਤਾ ਸੀ, ਕਿ ਉਹ ਅੰਮ੍ਰਿਤਧਾਰੀ ਹੋਵੇ। ਕਿਸੇ ਸੰਜਮ ਵਿਚ ਤੁਰਿਆਂ ਹੀ ਜੀਵਨ ਸੁਖਦਾਈ ਬਣ ਸਕਦਾ ਹੈ। ਸਿਖ ਬੋਲੀ ਵਿਚ ਉਸ ਦਾ ਨਾਮ ਅੰਮ੍ਰਿਤ ਹੈ।

ਪੀਅਹੁ ਪਾਹੁਲ ਖੰਡੇ ਧਾਰ, ਹੋਇ ਜਨਮ ਸੁਹੇਲਾ। ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰੂ ਚੇਲਾ।

*ਇਨ੍ਹਾਂ ਦੀ ਵਿਆਖਿਆ ਲਈ ਵੇਖੋ 'ਸੂਰਾ' ਮਾਸਕ ਪਤਰ 'ਰਹਿਤ ਮਰਯਾਦਾ ਅੰਕ'



www.AKJ.Org

ਦਸਾਂ ਨਹੁੰਆਂ ਦੀ ਕਿਰਤ ਕਰਨੀ, ਦਸਵੰਧ ਕਢਣਾ, ਲੋੜਵੰਦਿਆਂ ਦੀ ਸਹਾਇਤਾ ਕਰਨੀ, ਆਦਿ, ਇਹ ਸਾਰੇ ਕੰਮ ਹੁਕਮ ਦੀ ਪਾਲਣਾ ਕਰਨੀ ਹੈ। ਜਦੋਂ ਇਨਸਾਨ ਦੇ ਅੰਦਰ ਹੁਕਮ ਮੰਨਣ ਦੀ ਸਮਰਥਾ ਜਾਂ ਬਲ-ਬੁਧੀ ਆ ਜਾਂਦੀ ਹੈ ਤਾਂ ਉਸ ਦਾ ਤਨ ਤੇ ਮਨ ਨਿਹਾਲ ਹੋ ਜਾਂਦਾ ਹੈ। ਜਿਹਾ ਕਿ :

ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੈ ॥
ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮਣੇ ॥੧॥ (੭੪੮)

ਗੁਰੂ ਤੇ ਸਿਖ ਦੀ ਪ੍ਰੀਤੀ ਐਸੀ ਹੋਵੇ ਕਿ ਸਿਖ ਗੁਰੂ ਨੂੰ ਦੇਖੇ ਬਿਨਾਂ ਨਾ ਰਹਿ ਸਕੇ, ਜਿਵੇਂ ਮੱਛੀ ਪਾਣੀ ਤੋਂ ਬਿਨਾਂ ਨਹੀਂ ਰਹਿ ਸਕਦੀ। ਮਛਲੀ ਦਾ ਪਾਣੀ ਨਾਲ ਇਤਨਾ ਪਿਆਰ ਹੈ ਕਿ ਮੱਛੀ ਖਾਣ ਦੇ ਚਸਕਾਲੂ ਲੋਕ ਮੱਛੀ ਨੂੰ ਟੋਟੇ ਟੋਟੇ ਕਰ ਕੇ ਵਢਦੇ ਹਨ, ਰਿੰਨ੍ਹਦੇ ਹਨ, ਫਿਰ ਚਸਕੇ ਲਾ ਲਾ ਕੇ ਉਸ ਨੂੰ ਖਾਂਦੇ ਹਨ ਤਾਂ ਉਹ 'ਮੱਛੀ' ਖਾਣ ਵਾਲੇ ਦੇ ਅੰਦਰ ਜਾ ਕ ਵੀ ਪਾਣੀ ਹੀ ਪੁਕਾਰਦੀ ਹੈ। ਖਾਣ ਵਾਲਾ ਪਾਣੀ ਹੀ ਪਾਣੀ ਮੰਗਦਾ ਹੈ। ਭਗਤ ਰਵਿਦਾਸ ਜੀ ਮੱਛੀ ਦੇ ਤੀਬਰ ਪਿਆਰ ਦਾ ਚਿਤਰ ਇਉਂ ਖਿਚਦੇ ਹਨ—

ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥ (ਪੰਨਾ ੬੫੮)

ਠੀਕ ਇਸੇ ਤਰ੍ਹਾਂ ਜੇ ਸਿਖ ਨੂੰ ਗੁਰੂ ਨਾਲ ਪਿਆਰ ਹੋਵ ਤਾਂ ਉਹ ਸਿਖ ਆਪਣੇ ਗੁਰੂ ਦੇ ਹੁਕਮ ਵਿੱਚ ਰਹਿੰਦਾ ਹੋਇਆ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਦਾ ਹੈ। ਇਹੋ ਜਿਹੇ ਜਨਾਂ ਦਾ ਮਾਣ ਤਾਣ ਸਭ ਕੁਝ ਗੁਰੂ ਪਰਮੇਸਰ ਹੀ ਹੁੰਦਾ ਹੈ ਅਤੇ ਗੁਰੂ ਹਰ ਵੇਲੇ ਉਨ੍ਹਾਂ ਦੇ ਅੰਗ ਸੰਗ ਹੁੰਦਾ ਹੈ। ਜਿਵੇਂ ਗੁਰ-ਹੁਕਮ—

ਗੁਰੂ ਮੇਰੈ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮਾਲੇ ॥ (ਪੰਨਾ ੩੯੪)

ਅਤੇ— ਜਨ ਕਉ ਪ੍ਰਭ ਅਪਨੇ ਕਾ ਤਾਣੁ ॥
ਜੋ ਤੂੰ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ ॥ਰਹਾਉ॥ (੬੭੭)

ਪ੍ਰਭੂ ਦੇ ਹੁਕਮ ਦੀ ਪਾਲਣਾ ਕਰਨੀ, ਸਹੀ ਅਰਥਾਂ ਵਿਚ ਗੁਰਸਿਖੀ ਜੀਵਨ ਧਾਰਨ ਕਰਨਾ, ਅਤੇ ਸਾਬਤ ਸੂਰਤ ਗੁਰਸਿਖੀ ਰੂਪ ਵਿਚ ਰਹਿਣਾ (ਭਾਵ ਦਾੜ੍ਹੀ ਕੇਸਾਂ ਤੇ ਕਿਸੇ ਵੀ ਰੋਮ ਦੀ ਬੇਅਦਬੀ ਨਾ ਕਰਨੀ) ਇਹ ਸਾਰਾ ਕੁਝ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਮਨੁਖ ਦੇ ਅੰਦਰ ਰੱਬ ਦਾ ਡਰ ਹੋਵੇ। ਭੈ-ਭਾਵਨੀ ਹੋਵੇ ਤਾਂ ਹੀ ਅੰਦਰ ਸੱਚਾ ਪਿਆਰ ਉਪਜ ਸਕਦਾ ਹੈ। ਪਿਆਰ ਦੀ ਅਵਸਥਾ ਤੇ ਪਹੁੰਚ ਕੇ ਗਰੀਬੀ ਨਿੰਮਰਤਾ ਆਪਣੇ ਆਪ ਮਨੁੱਖ ਦੇ ਅੰਦਰ ਪ੍ਰਵੇਸ਼ ਕਰ ਜਾਂਦੀ ਹੈ। ਜਿਥੇ ਸੱਚੀ ਸੁੱਚੀ ਨਿੰਮਰਤਾ ਆ ਜਾਂਦੀ ਹੈ, ਉਥੇ ਰੱਬ ਆਪ ਆ ਵਸਦਾ ਹੈ। ਇਹ ਗਰੀਬੀ ਗੁਰੂ ਦੀ ਮਤਿ ਗ੍ਰਹਿਣ ਕਰਨ ਨਾਲ ਮਨੁੱਖ ਦੇ ਅੰਦਰ ਆਂਦੀ ਹੈ। ਇਥੇ 'ਗਰੀਬੀ' ਪੈਸੇ ਦੀ ਗਰੀਬੀ ਨਹੀਂ, ਸਗੋਂ ਮਨ ਦੀ ਗਰੀਬੀ ਹੈ। ਇਸ ਗਰੀਬੀ ਵਿਚ ਦਇਆ ਹੁੰਦੀ ਹੈ, ਹਮਦਰਦੀ ਹੁੰਦੀ ਹੈ, ਪਿਆਰ ਹੁੰਦਾ ਹੈ। ਕਹਿੰਦੇ ਹਨ ਕਿ ਪਿਆਰ ਭਰੀਆਂ ਅੱਖਾਂ ਅਤੇ ਫਲਦਾਰ ਟਹਿਣੀਆਂ ਸਦਾ ਨੀਵੀਆਂ ਰਹਿੰਦੀਆਂ ਹਨ। ਜਦੋਂ ਦਰੱਖਤਾਂ ਨੂੰ ਫਲ ਲਗਦੇ ਹਨ ਤਾਂ ਉਹ ਫਲ ਵਾਲੀਆਂ ਟਾਹਣੀਆਂ ਆਪਣੇ ਆਪ ਝੁਕ ਜਾਂਦੀਆਂ ਹਨ। ਜਦੋਂ ਵੀ ਕੋਈ ਚੀਜ ਝੁਕ ਜਾਂਦੀ ਹੈ ਤਾਂ ਉਹ ਆਪਣਾ ਆਪ ਮਿਟਾ ਕੇ ਨੀਵੀਂ ਹੋ ਜਾਂਦੀ ਹੈ। ਭਾਵ, ਹੰਕਾਰ ਦੀ ਭਾਵਨਾ ਉਥੇ ਖਤਮ ਹੋ ਜਾਂਦੀ ਹੈ। ਹੰਕਾਰ ਇਕ ਭਿਆਨਕ ਅਤੇ ਬਹੁਤ ਵਡਾ ਰੋਗ ਹੈ, ਜਿਸ ਦਾ ਦਾਰੂ ਕੇਵਲ ਨਾਮ ਹੈ। ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਵਿਚ ਸਪੱਸ਼ਟ ਕਰਦੇ ਹਨ—

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥੨॥੭॥

ਗੁਰੂ ਕੇ ਸ਼ਬਦ ਦੀ ਕਮਾਈ ਨਾਲ ਹੀ ਸੱਚੇ ਪ੍ਰੇਮ-ਪਿਆਰ ਦੀ ਇਹ ਭਾਵਨਾ ਅੰਦਰ ਉਪਜਦੀ ਹੈ ਕਿ—

ਰਾਜੁ ਨ ਚਾਹਉ, ਮੁਕਤਿ ਨ ਚਾਹਉ, ਮਨਿ ਪ੍ਰੀਤਿ ਚਰਨ ਕਮਲਾਰੇ ॥ ਦੇਵਗੰਧਾਰੀ ਮ: ੫, ੫੩੪

ਸੋ ਦੁਨਿਆਵੀ ਪਦਾਰਥਾਂ ਦਾ ਪਿਆਰ, ਮੋਹ ਮਾਇਆ ਦਾ ਪਿਆਰ, ਸਭ ਕੁਝ ਛਡ ਕੇ ਗੁਰੂ ਵਾਹਿਗੁਰੂ ਦੇ ਚਰਨਾਂ ਦੀ ਪ੍ਰੀਤੀ ਹੀ ਗੁਰਸਿਖੀ ਦਾ ਨਿਸ਼ਾਨਾ ਹੈ। ਜਿਸ ਬਾਰੇ ਗੁਰੂ ਗੋਬਿੰਦ ਸਿੰਘ ਜੀ ਪੁਕਾਰ ਪੁਕਾਰ ਕੇ ਕਹਿ ਰਹੇ ਹਨ—

ਸਾਚੁ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

www.AKJ.Org

# ਸਲੋਕ ਸਹਸਕ੍ਰਿਤੀ (੭)

[ਅਰਥ ਵਿਆਖਿਆ ਵਲੋਂ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

**ਤਰਣ ਸਰਣ ਸੁਆਮੀ**
**ਰਮਣ ਸੀਲ ਪਰਮੇਸੁਰਹ ॥**
**ਕਰਣ ਕਾਰਣ ਸਮਰਥਹ**
**ਦਾਨੁ ਦੇਤ ਪ੍ਰਭੁ ਪੂਰਨਹ ॥**
**ਨਿਰਾਸ ਆਸ ਕਰਣੰ**
**ਸਗਲ ਅਰਥ ਆਲਯਹ ॥**
**ਗੁਣ ਨਿਧਾਨ ਸਿਮਰੰਤਿ ਨਾਨਕ**
**ਸਗਲ ਜਾਚੰਤ ਜਾਚਿਕਹ ॥੪੩॥**

**ਪਦ ਅਰਥ** :–ਤਰਣ–ਬੇੜੀ। ਰਮਣ ਸੀਲ–ਰਮਣ-ਜੋਗ। ਕਰਣ ਕਾਰਣ–ਕਾਰਨਾਂ ਦਾ ਕਰਨਹਾਰ। ਸਮਰਥਹ–ਯੋਗ, ਲਾਇਕ। ਪੂਰਨਹ–ਪੂਰਾ ਹੈ। ਨਿਰਾਸ–ਨਿਰਾਸਿਆਂ ਨੂੰ। ਆਸ ਕਰਣੰ–ਆਸਾਵੰਤ ਕਰਦਾ ਹੈ, ਆਸ ਬੰਨ੍ਹਾਉਂਦਾ ਹੈ। ਸਗਲ–ਸਾਰੇ। ਅਰਥ–ਪਦਾਰਥ। ਆਲਯਹ–(ਉਚਾਰਨ : ਆਲਿਅਹ) ਘਰ, ਭਾਵ ਸੋਮਾ। ਗੁਣ ਨਿਧਾਨ--ਗੁਣਾਂ ਦਾ ਖ਼ਜ਼ਾਨਾ ਪ੍ਰਭੂ। ਸਿਮਰੰਤਿ–ਸਿਮਰਨਾ ਚਾਹੀਦਾ ਹੈ। ਜਾਚੰਤ–ਜਾਚਦੇ ਹਨ, ਮੰਗਦੇ ਹਨ। ਜਾਚਿਕਹ–ਮੰਗਤੇ ।੪੩।

**ਅਰਥ** :–ਪਰਮੇਸਰ ਸੁਆਮੀ ਦੀ ਸ਼ਰਨ ਲੈਣੀ (ਭਵ-ਸਾਗਰ ਤੋਂ ਪਾਰ ਲੰਘਣ ਲਈ ਮਾਨੋ) ਬੇੜੀ ਹੈ। ਪਰਮੇਸਰ ਹੀ ਰਵਣ-ਜੋਗ, ਭਾਵ, ਆਤਮਕ ਅਨੰਦ ਦੇਣ ਦੇ ਸਮਰੱਥ ਹੈ। ਕਰਨ ਕਾਰਨ ਸਮਰੱਥ ਪ੍ਰਭੂ ਸਭ ਨੂੰ ਰੱਜਵਾਂ ਦਾਨ ਦੇਂਦਾ ਹੈ। ਨਿਰਾਸਿਆਂ ਨੂੰ ਆਸ਼ਾਵੰਤ ਕਰਨਹਾਰ ਹੈ, ਅਤੇ ਸਗਲ ਪਦਾਰਥਾਂ ਦਾ ਸੋਮਾ ਹੈ।

'ਨਾਨਕ'! ਅਜਿਹੇ ਗੁਣਾਂ ਦੇ ਖਜ਼ਾਨੇ ਪ੍ਰਭੂ ਨੂੰ ਨਿਰੰਤਰ ਸਿਮਰਦੇ ਰਹਿਣਾ ਚਾਹੀਦਾ ਹੈ, (ਜਿਸ ਪਾਸੋਂ ਸਦੀਵ ਕਾਲ ਸਾਰੇ ਜੀਵ) ਮੰਗਤੇ ਹੋ ਕੇ ਦਾਤਾਂ ਮੰਗਦੇ (ਤੇ ਪ੍ਰਾਪਤ ਕਰਦੇ) ਹਨ ।੪੩।

**ਸਾਰੰਸ਼** :–ਪ੍ਰਭ ਸਰਬ ਸਮਰੱਥ ਤੇ ਸਰਬ ਮਨੋਰਥ ਪੂਰਨਹਾਰਾ ਹੈ। ਜੀਵ ਨੂੰ ਉਸ ਦਾ ਆਸਰਾ ਲੈ ਕੇ, ਉਸ ਦਾ ਨਾਮ ਸਿਮਰਦੇ ਰਹਿਣਾ ਚਾਹੀਦਾ ਹੈ।

**ਦੁਰਗਮ ਸ੍ਥਾਨ ਸੁਗਮੰ**
**ਮਹਾ ਦੂਖ ਸਰਬ ਸੂਖਣਹ ॥**
**ਦੁਰਬਚਨ ਭੇਦ ਭਰਮੰ**
**ਸਾਕਤ ਪਿਸਨੰਤ ਸੁਰਜਨਹ ॥**
**ਅਸਥਿਤੰ ਸੋਗ ਹਰਖੰ**
**ਭੈ ਖੀਣੰਤ ਨਿਰਭਵਹ ॥**
**ਭੈ ਅਟਵੀਅੰ ਮਹਾ ਨਗਰ ਬਾਸੰ ॥**
**ਧਰਮ ਲਖ੍ਯਣ ਪ੍ਰਭ ਮਇਆ ॥**
**ਸਾਧ ਸੰਗਮ ਰਾਮ ਰਾਮ ਰਮਣੰ ॥**
**ਸਰਣਿ ਨਾਨਕ ਹਰਿ ਹਰਿ ਦਯਾਲ ਚਰਣੰ ॥੪੪॥**

**ਪਦ ਅਰਥ** :–ਦੁਰਗਮ–ਜਿਥੇ ਪਹੁੰਚ ਔਖੀ ਹੋਵੇ, ਔਖੇ। ਸਥਾਨ–ਟਿਕਾਣੇ, ਥਾਵਾਂ। ਸੁਗਮੰ–ਜਿਥੇ ਪਹੁੰਚ ਸੌਖੀ ਹੋਵੇ, ਸੁਖਾਲੇ। ਦੁਰਬਚਨ–ਖੋਟੇ ਬਚਨ। ਭੇਦ ਭਰਮ–ਵਿੱਥਾਂ ਤੇ ਭਰਮ। ਸਾਕਤ–ਸ਼ਕਤੀ



www.AKJ.Org

(ਮਾਇਆ) ਦੇ ਪੁਜਾਰੀ, ਭਾਵ ਰੱਬ ਤੋਂ ਟੁਟੇ ਹੋਏ ਵਿਅਕਤੀ। ਪਿਸਨੰਤ–ਚੁਗਲ । ਸੁਰਜਨਹ–ਦੈਵੀ ਪੁਰਸ਼, ਭਲੇ ਪੁਰਖ। ਅਸਿਥਤੰ–ਟਿਕਾਣਾ ਬਣਾ ਬੈਠਾ ਹੈ। ਸੋਗ ਹਰਖੰ–ਗ਼ਮੀ ਤੇ ਖੁਸ਼ੀ। ਭੈ ਖੀਣੰਤ–ਡਰ ਨਾਲ ਖੀਣ (ਭੁੱਗੇ) ਹੋਏ। ਨਿਰਭਵਹ–ਬੇਖ਼ੌਫ। ਭੈ ਅਟਵੀਅੰ–ਭੈ-ਦਾਇਕ ਜੰਗਲ । ਮਹਾ ਨਗਰ ਬਾਸੰ–ਤਕੜੀ ਵਸੋਂ ਵਾਲਾ ਨਗਰ। ਧਰਮ ਲਖੵਣ–ਧਰਮ ਦੇ ਲਛਣ । ਪ੍ਰਭ ਮਇਆ–ਪ੍ਰਭੂ ਦੀ ਕਿਰਪਾ ਨਾਲ। ਸਾਧ ਸੰਗਮ–ਸਤ ਸੰਗਤ ਵਿਚ। ਰਮਣੰ–ਰਮਦੇ ਹਨ, ਸਿਮਰਦੇ ਹਨ। ਦਯਾਲ–ਦਿਆਲ ਪ੍ਰਭੂ ਦੇ। ਸਰਣਿ ਚਰਣ–ਚਰਨਾਂ ਦੀ ਸਰਨ।੪੪।

**ਅਰਥ** :–ਇਸ ਸਲੋਕ ਦੇ ਅਰਥ ਥਲਿਓਂ ਚੁਕੇ ਗਏ ਹਨ–

'ਨਾਨਕ'! ਸਾਧ ਸੰਗਤ ਵਿਚ ਜੁੜ ਕੇ ਨਿਰੰਤਰ ਨਾਮ ਸਿਮਰਨ ਕਰਨਾ ਅਤੇ ਦਿਆਲੂ ਹਰੀ ਦੇ ਚਰਨਾਂ ਦੀ ਓਟ ਲੈਣੀ ਧਰਮ-ਲਖਣ ਹਨ, ਜੋ ਪ੍ਰਭੂ ਦੀ ਮਿਹਰ ਸਦਕਾ ਪ੍ਰਾਪਤ ਹੁੰਦੇ ਹਨ।

(ਧਰਮ-ਲਖਣ ਪ੍ਰਾਪਤ ਹੋਣ ਦੇ ਤੁਫ਼ੈਲ) ਬਿਖਮ ਸਥਾਨ ਸੁਖੈਨ ਹੀ ਪ੍ਰਾਪਤ ਹੋ ਜਾਂਦੇ ਹਨ, ਸਾਰੇ ਕਰੜੇ ਦੁਖ, ਸੁਖ ਹੋ ਨਿਬੜਦੇ ਹਨ। ਮੰਦੇ ਬਚਨਾਂ ਦੁਆਰਾ ਦਿਲਾਂ ਵਿਚ ਪਾੜੇ ਤੇ ਭਰਮ ਪੈਦਾ ਕਰਨ ਵਾਲੇ ਸਾਕਤ ਤੇ ਚੁਗਲ ਬੰਦੇ, ਸੱਜਨ ਪੁਰਸ਼ ਬਣ ਜਾਂਦੇ ਹਨ। ਜੀਵਨ ਵਿਚ ਘਰ ਕਰ ਬੈਠਾ ਸੋਗ, ਖੁਸ਼ੀ ਵਿਚ ਬਦਲ ਜਾਂਦਾ ਹੈ ਤੇ ਡਰ ਵਿਚ ਭੁੱਗੇ ਹੋ ਚੁਕੇ ਵਿਅਕਤੀ ਨਿਡਰ ਹੋ ਜਾਂਦੇ ਹਨ। ਉਨ੍ਹਾਂ ਲਈ ਸੰਸਾਰ ਭਿਆਨਕ ਜੰਗਲ ਦੀ ਬਜਾਏ ਘੁੱਘ ਵਸਦੇ ਨਗਰ ਵਾਂਗ (ਸੁਹਾਵਣਾ ਤੇ ਸੁਖਦਾਇਕ) ਹੋ ਜਾਂਦਾ ਹੈ ।੪੪।

**ਸਾਰੰਸ਼** :—ਸੰਗਤ ਵਿਚ ਮਿਲ ਕੇ ਵਾਹਿਗੁਰੂ ਨਾਮ ਦਾ ਸਿਮਰਨ ਕੀਤਿਆਂ ਮਨੁਖ ਦਾ ਖੋਟਾ ਸੁਭਾਅ ਪਲਟ ਕੇ ਨੇਕ ਹੋ ਜਾਂਦਾ ਹੈ, ਪਰ ਇਹ ਪ੍ਰਾਪਤੀ ਵਾਹਿਗੁਰੂ ਦੀ ਕਿਰਪਾ ਨਾਲ ਹੀ ਹੁੰਦੀ ਹੈ। ਗੁਰਵਾਕ :–

ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥
ਸਤਸੰਗਤਿ ਮਿਲੈ ਤ ਦਿੜਤਾ ਆਵੈ ਹਰਿ ਰਾਮ ਨਾਮਿ ਨਿਸਤਾਰੇ ॥ ੩ ॥
[ਨਟ ਮਹਲਾ ੪, ਪੰਨਾ ੯੮੧

**ਹੇ ਅਜਿਤ ਸੂਰ ਸੰਗ੍ਰਾਮੰ**
**ਅਤਿ ਬਲਨਾ ਬਹੁ ਮਰਦਨਹ ॥**
**ਗਣ ਗੰਧਰਬ ਦੇਵ ਮਾਨੁਖੵੰ**
**ਪਸੁ ਪੰਖੀ ਬਿਮੋਹਨਹ ॥**
**ਹਰਿ ਕਰਣਹਾਰੰ ਨਮਸਕਾਰੰ**
**ਸਰਣਿ ਨਾਨਕ ਜਗਦੀਸ੍ਵਰਹ ॥੪੫॥**

**ਪਦ ਅਰਥ** :–ਹੇ ਅਜਿਤ ਸੂਰ ਸੰਗ੍ਰਾਮੰ–ਹੇ ਸੰਗਰਾਮ ਵਿਚ ਨਾ ਜਿਤੇ ਜਾ ਸਕਣ ਵਾਲੇ ਸੂਰਮੇ (ਮੋਹ)! ਸੰਗਰਾਮ–ਜੁਧ। ਅਤਿ ਬਲਨਾ---ਅਤੀ ਬਲੀ, ਬਹੁਤ ਬਲਵਾਨ । ਮਰਦਨਹ---ਮਲ ਦਲ ਦੇਣ ਵਾਲਾ। ਗਣ---ਦੇਵਤਿਆਂ ਦੇ ਸੇਵਕ । ਗੰਧਰਬ---ਦੇਵਤਿਆਂ ਦੇ ਰਾਗੀ । ਦੇਵ---ਦੇਵਤੇ। ਮਾਨੁਖੵੰ---ਮਨੁੱਖ। ਬਿਮੋਹਨਹ---ਮੋਹਣ ਵਾਲਾ। ਕਰਣਹਾਰੰ---ਜਗਤ ਦੀ ਰਚਨਾ ਕਰਨ ਵਾਲਾ ਪ੍ਰਭੂ। ਜਗਦੀਸ੍ਵਰਹ---ਜਗਤ ਦਾ ਮਾਲਕ ।੪੫।

**ਅਰਥ** :–ਪੰਜਾਂ ਵਿਕਾਰਾਂ ਵਿਚੋਂ ਪਹਿਲਾਂ ਮੋਹ ਦਾ ਵਰਨਣ ਕੀਤਾ ਹੈ :–

ਹੇ ਜੁਧ ਦੇ ਅਜਿਤ ਸੂਰਮੇ (ਮੋਹ)! ਤੂੰ ਵੱਡੇ ਵੱਡੇ ਬਲੀ ਪੁਰਸ਼ਾਂ ਨੂੰ ਮਲ-ਦਲ ਦੇਣ ਵਾਲਾ ਹੈਂ। ਕੀ ਮਨੁਖ ਤੇ ਕੀ ਦੇਵਤੇ, ਕੀ ਦੇਵਤਿਆਂ ਦੇ ਸੇਵਕ, ਜਾਂ ਉਨ੍ਹਾਂ ਦੇ ਗੰਧਰਬ, ਸਾਰਿਆਂ ਨੂੰ ਤੂੰ ਆਪਣੀ ਮੋਹ-ਫਾਹੀ


www.AKJ.Org

ਵਿਚ ਫਸਾ ਲੈਂਦਾ ਹੈਂ, ਏਥੋਂ ਤਕ ਕਿ ਪਸ਼ੂ ਪੰਖੀ ਵੀ ਤੇਰੀ ਮੋਹ-ਫਾਸ ਵਿਚ ਹਨ। ਮੋਹ (ਵਰਗੀ ਬਲੀ ਸ਼ਕਤੀ) ਨੂੰ ਪੈਦਾ ਕਰਨਹਾਰੇ ਹਰੀ ਅਗੇ ਮੇਰੀ ਨਾਨਕ ਦੀ ਨਮਸਕਾਰ ਹੈ ਅਤੇ (ਮੋਹ-ਫਾਸ ਤੋਂ ਛੁਟਕਾਰੇ ਲਈ) ਮੈਂ ਉਸ ਜਗਤ-ਰਚਨਾ ਦੇ ਮਾਲਕ, ਸਰਬ-ਸ਼ਕਤੀਮਾਨ ਵਾਹਿਗੁਰੂ ਦੀ ਸ਼ਰਨ ਲੈਂਦਾ ਹਾਂ।੪੫।

**ਸਾਰੰਸ਼** :–ਮੋਹ ਮਹਾਂ ਬਲੀ ਹੈ। ਜਗ-ਰਚਨਾ ਦੇ ਸਾਰੇ ਜੀਵ ਇਸ ਦੀ ਫਾਹੀ ਵਿਚ ਫਸੇ ਹੋਏ ਹਨ। ਇਸ ਤੋਂ ਬਚਣ ਲਈ ਇਸ ਦੇ ਰਚਣਹਾਰ ਤੇ ਜਗਤ ਦੇ ਮਾਲਕ ਵਾਹਿਗੁਰੂ ਦੀ ਓਟ ਲੈਣੀ ਚਾਹੀਦੀ ਹੈ।

ਗੁਰਵਾਕ :–

ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ
ਅਤਿ ਤੀਖੵਣ ਮੋਹ ਕੀ ਫਾਸ॥
ਕਾਟਨਹਾਰ ਜਗਤ ਗੁਰ ਗੋਬਿਦ
ਚਰਨ ਕਮਲ ਤਾ ਕੇ ਕਰਹੁ ਨਿਵਾਸ॥੧॥੧੨੦॥

[ਗਉੜੀ ਮ: ੫, ਪੰਨਾ ੨੦੦

**ਹੇ ਕਾਮੰ ਨਰਕ ਬਿਸ੍ਰਾਮੰ**
**ਬਹੁ ਜੋਨੀ ਭ੍ਰਮਾਵਣਹ॥**
**ਚਿਤ ਹਰਣੰ ਤ੍ਰੈ ਲੋਕ ਗੰਮੵੰ**
**ਜਪ ਤਪ ਸੀਲ ਬਿਦਾਰਣਹ॥**
**ਅਲਪ ਸੁਖ ਅਵਿਤ ਚੰਚਲ**
**ਊਚ ਨੀਚ ਸਮਾਵਣਹ॥**
**ਤਵ ਭੈ ਬਿਮੁੰਚਿਤ ਸਾਧ ਸੰਗਮ**
**ਓਟ ਨਾਨਕ ਨਾਰਾਇਣਹ॥੪੬॥**

**ਪਦ ਅਰਥ** :–ਨਰਕ ਬਿਸ੍ਰਾਮੰ–ਨਰਕਾਂ ਵਿਚ ਵਾਸਾ ਦੇਣ ਵਾਲਾ। ਭ੍ਰਮਾਵਣਹ ਭਟਕਾਉਣ ਵਾਲਾ। ਚਿਤ ਹਰਣੰ–ਚਿਤ ਚੁਰਾ ਲੈਣ ਵਾਲਾ। ਤ੍ਰੈ ਲੋਕ ਗੰਮੵੰ –ਤਿੰਨਾਂ ਲੋਕਾਂ ਤਕ ਪਹੁੰਚ ਰਖਣ ਵਾਲਾ। ਸੀਲ–ਸ਼ੁਧ ਆਚਰਨ। ਬਿਦਾਰਣਹ–ਨਾਸ ਕਰਨ ਵਾਲਾ। ਅਲਪ ਸੁਖ–ਤੁਛ ਮਾਤ੍ਰ ਸੁਆਦ। ਅਵਿਤ–ਵਿਤ ਰਹਿਤ, ਬਲ-ਹੀਨ। ਸਮਾਵਣਹ–ਸਮਾਇਆ ਹੋਇਆ। ਤਵ ਭੈ ਬਿਮੁੰਚਿਤ—ਤੇਰੇ ਡਰ ਦਾ ਨਾਸ ਹੁੰਦਾ ਹੈ। ਸਾਧ ਸੰਗਮ–ਸਤਸੰਗਤਿ ਵਿਚ।੪੬।

**ਅਰਥ** :–ਹੁਣ ਦੂਜੇ ਵਿਕਾਰ ਕਾਮ ਦੇ ਪ੍ਰਭਾਵ ਦਾ ਜ਼ਿਕਰ ਕਰਦੇ ਹੋਏ ਉਸ ਨੂੰ ਸੰਬੋਧਨ ਕਰਦੇ ਹਨ:–

ਹੇ ਨਰਕਾਂ ਵਿਚ ਵਾਸਾ ਦੇਣ ਵਾਲੇ ਕਾਮ! ਤੂੰ ਜੀਵਾਂ ਨੂੰ (ਆਪਣੇ ਵਸ ਵਿਚ ਕਰ ਕੇ) ਬਹੁਤ ਜੂਨਾਂ ਵਿਚ ਭਰਮਾਉਂਦਾ ਹੈਂ। ਤੂੰ ਜੀਵਾਂ ਦੇ ਚਿਤ ਭਰਮਾ ਲੈਂਦਾ ਹੈਂ, ਤਿੰਨਾਂ ਲੋਕਾਂ ਦੇ ਜੀਵਾਂ ਉਤੇ ਤੇਰੀ ਪਹੁੰਚ (ਵਸੀਕਾਰਤਾ) ਹੈ। ਤੂੰ ਜੀਵਾਂ ਦਾ ਆਚਰਨ ਭ੍ਰਸ਼ਟ ਕਰਕੇ ਉਹਨਾਂ ਦੇ ਜਪ ਤਪ ਆਦਿ ਸਭ ਨਸ਼ਟ ਕਰ ਦੇਂਦਾ ਹੈ। ਤੁਛ ਮਾਤ੍ਰ ਸੁਆਦ ਬਦਲੇ ਤੂੰ ਜੀਵਾਂ ਨੂੰ ਚੰਚਲ ਤੇ ਬਲਹੀਨ ਕਰ ਦਿੰਦਾ ਹੈਂ। ਉਚਿਆਂ ਤੇ ਨੀਵਿਆਂ, ਭਾਵ, ਅਮੀਰਾਂ ਗਰੀਬਾਂ ਸਾਰਿਆਂ ਵਿਚ ਤੂੰ ਇਕ-ਸਾਰ ਪਰਵਿਰਤ ਹੋ ਰਿਹਾ ਹੈਂ।

ਸਾਧ ਸੰਗਤਿ ਵਿਚ ਜੁੜ ਬੈਠਣ ਸਦਕਾ ਹੀ ਤੇਰਾ ਡਰ ਖ਼ਤਮ ਹੋ ਸਕਦਾ ਹੈ, ਇਸ ਲਈ ਮੈਂ ਨਾਨਕ (ਸਾਧ ਸੰਗਤਿ ਵਿਚ) ਨਾਰਾਇਣ ਵਾਹਿਗੁਰੂ ਦੀ ਓਟ ਲੈਂਦਾ ਹੈ।੪੬।

**ਸਾਰੰਸ਼** :–ਕਾਮ-ਗ੍ਰਸਤ ਮਨੁੱਖ ਨਰਕ-ਗਾਮੀ ਹੁੰਦਾ ਹੈ। ਪਰ ਕਾਮ ਏਨਾ ਪ੍ਰਬਲ ਹੈ ਕਿ ਤ੍ਰੈਲੋਕੀ ਦੇ ਸਭ ਜੀਵ ਜੰਤੂਆਂ ਉਤੇ ਇਸ ਦਾ ਵਸੀਕਾਰ ਹੈ। ਇਸ ਤੋਂ ਬਚਾਅ ਸਾਧ ਸੰਗਤ ਵਿਚ ਜੁੜ ਕੇ, ਵਾਹਿਗੁਰੂ ਦੀ ਸ਼ਰਨ ਲਿਆਂ ਹੀ ਸੰਭਵ ਹੈ। ਗੁਰਵਾਕ :–

'ਕਾਮੁ ਕ੍ਰੋਧ ਲੋਭੁ ਮੋਹੁ ਸੰਗਿ ਸਾਧਾ ਭਖੇ॥੨॥ [ਗਉੜੀ ਕੀ ਵਾਰ ਮ: ੫, ਪੰਨਾ ੩੧੮


www.AKJ.Org

ਹੇ ਕਲਿ ਮੂਲ ਕ੍ਰੋਧੰ
ਕਦੰਚ ਕਰੁਣਾ ਨ ਉਪਰਜਤੇ ॥
ਬਿਖਿਯੰਤ ਜੀਵੰ ਵਸੵੰ ਕਰੋਤਿ
ਨਿਰਤੵੰ ਕਰੋਤਿ ਜਥਾ ਮਰਕਟਹ ॥
ਅਨਿਕ ਸਾਸਨ ਤਾੜੰਤਿ ਜਮ ਦੂਤਹ ॥
ਤਵ ਸੰਗੇ ਅਧਮੰ ਨਰਹ ॥
ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ
ਸਰਬ ਜੀਅ ਰਖੵਾ ਕਰੋਤਿ ॥੪੭॥

**ਪਦ ਅਰਥ** :---ਕਲਿ ਮੂਲ---ਕਲ੍ਹਾ ਦਾ ਮੂਲ, ਝਗੜੇ ਦਾ ਮੁਢ। ਕਦੰਚ-- ਕਦੇ ਵੀ। ਕਰੁਣਾ---ਤਰਸ, ਦਇਆ। ਉਪਰਜਤੇ–ਉਪਜਦਾ। ਬਿਖਯੰਤ ਜੀਵੰ–ਉਹ ਜੀਵ ਜਿਨ੍ਹਾਂ ਅੰਦਰ ਗੁੱਸੇ ਦੀ ਜ਼ਹਿਰ ਭਰ ਜਾਂਦੀ ਹੈ। ਵਸੵੰ ਕਰੋਤਿ–ਵਸ ਵਿਚ ਕਰ ਲੈਂਦਾ ਹੈਂ। ਨਿਰਤੵੰ–ਨਾਚ। ਜਥਾ–ਜਿਵੇਂ। ਮਰਕਟਹ–ਬਾਂਦਰ। ਅਨਿਕ ਸਾਸ਼ਨ ਤਾੜੰਤਿ–ਅਨੇਕ ਸਜ਼ਾਵਾਂ ਦੇਂਦੇ ਹਨ। ਜਮ ਦੂਤਹ—ਜਮ ਦੇ ਦੂਤ। ਤਵ ਸੰਗੇ–ਤੇਰਾ ਸੰਗ ਕਰ ਕੇ। ਅਧਮੰ–ਨੀਚ। ਨਰਹ–ਮਨੁੱਖ। ਦੀਨ ਦੁਖ ਭੰਜਨ ਦਯਾਲ ਪ੍ਰਭੁ–ਨਿਤਾਣਿਆਂ ਦੇ ਦੁਖ ਨਾਸ ਕਰਨ ਵਾਲਾ ਦਿਆਲੂ ਪ੍ਰਭੂ। ਰਖੵਾ ਕਰੋਤਿ–ਰੱਖਿਆ ਕਰਦਾ ਹੈ।੪੭।

**ਅਰਥ** :–ਹੇ ਕਲੇਸ਼ ਮੁਢ ਦੇ ਕ੍ਰੋਧ !(ਤੇਰੇ ਵਸ ਹੋਏ ਮਨੁੱਖਾਂ ਵਿਚ)ਕਦੇ ਤਰਸ ਨਹੀਂ ਉਪਜਦਾ। ਜੀਵਾਂ ਅੰਦਰ ਗੁੱਸੇ ਦੀ ਜ਼ਹਿਰ ਭਰ ਕੇ, ਤੂੰ ਉਨ੍ਹਾਂ ਨੂੰ ਇਸ ਤਰ੍ਹਾਂ ਆਪਣੇ ਵਸ ਵਿਚ ਕਰ ਲੈਂਦਾ ਹੈਂ ਕਿ ਉਹ ਤੇਰੇ ਨਚਾਏ, ਬਾਂਦਰ ਵਾਂਗ ਨਚਦੇ ਹਨ। ਤੇਰੇ ਨਾਲ ਲਗ ਕੇ ਜੀਵ ਨੀਵੇਂ ਪਧਰ ਉਤਰ ਆਉਂਦੇ ਹਨ, ਜਿਸ ਕਾਰਨ ਜਮਦੂਤ ਉਨ੍ਹਾਂ ਨੂੰ ਅਨੇਕ ਸਜ਼ਾਵਾਂ ਦੇਂਦੇ ਹਨ।

'ਨਾਨਕ' ! ਨਿਤਾਣਿਆਂ ਦੇ ਦੁਖ ਕਟਣ ਵਾਲਾ ਮਿਹਰਬਾਨ ਪ੍ਰਭੂ ਹੀ ਹੈ, ਜੋ ਸਾਰੇ ਜੀਵਾਂ ਦੀ (ਬਲੀ ਕ੍ਰੋਧ ਤੋਂ) ਰੱਖਿਆ ਕਰਦਾ ਹੈ।

**ਸਾਰੰਸ਼** :–ਕ੍ਰੋਧੀ ਮਨੁੱਖ ਗੁੱਸੇ ਵਿਚ ਸੁਧ-ਬੁਧ ਭੁਲ ਜਾਂਦਾ ਹੈ ਤੇ ਕਈ ਨੀਚ ਕਰਤੂਤਾਂ ਕਰਦਾ ਹੈ, ਜਿਸ ਦੇ ਫਲ-ਸਰੂਪ ਉਸ ਨੂੰ ਲੋਕ ਪਰਲੋਕ ਵਿਚ ਨਮੋਸ਼ੀ ਹੁੰਦੀ ਹੈ ਤੇ ਦੰਡ ਮਿਲਦਾ ਹੈ। ਵਾਹਿਗੁਰੂ ਹੀ ਇਸ ਕ੍ਰੋਧ ਤੋਂ ਛੁਟਕਾਰਾ ਕਰਾ ਸਕਦਾ ਹੈ।

---

**'ਸੂਰਾ' ਦਾ ਰਹਿਤ ਮਰਯਾਦਾ ਅੰਕ**–ਇਸ ਅੰਕ ਵਿਚ ਸਿਖ ਰਹਿਤ ਮਰਯਾਦਾ ਸੰਬੰਧੀ ਰਹਿਤਾਂ, ਕੁਰਹਿਤਾਂ, ਕਕਾਰਾਂ ਸੰਬੰਧੀ ਰਹਿਤਨਾਮਿਆਂ, ਇਤਿਹਾਸ ਅਤੇ ਗੁਰਬਾਣੀ ਦੀ ਰੌਸ਼ਨੀ ਵਿਚ ਭਰਪੂਰ ਜਾਣਕਾਰੀ ਦਿਤੀ ਹੋਈ ਹੈ। ਭੇਟਾ ਦੋ ਰੁਪਏ।

**ਭਾ: ਸਾ: ਭਾਈ ਰਣਧੀਰ ਸਿੰਘ ਜੀ ਸ਼ਤਾਬਦੀ ਅੰਕ**–ਭਾਈ ਸਾਹਿਬ ਜੀ ਦੇ ਸੌ ਸਾਲਾ ਜਨਮ ਤੇ ਇਸ ਅੰਕ ਵਿਚ ਭਾਈ ਸਾਹਿਬ ਦੇ ਜੀਵਨ, ਸ਼ਖ਼ਸੀਅਤ, ਉਨ੍ਹਾਂ ਦੀਆਂ ਲਿਖਤਾਂ ਆਦਿ ਵਖ ਵਖ ਪਹਿਲੂਆਂ ਤੇ ਖੋਜ ਭਰੇ ਲੇਖ ਹਨ। ਸਫੇ ੧੨੪, ਚਿਤਰ ੧੫, ਭੇਟਾ ਢਾਈ ਰੁਪਏ।



www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ

## [ਕਿਸ਼ਤ ੩੪ਵੀਂ, ਲੜੀ ਜੋੜਨ ਲਈ ਵੇਖੋ 'ਸੂਰਾ' ਅਗਸਤ ੧੯੮੧]

[ਵਲੋਂ :—ਕੈਪਟਿਨ ਸਵਰਨ ਸਿੰਘ ਜੀ, ਘੜਿਆਲਾ]

**ਦੀਵਾਲੀ ਤੋਂ ਪਿਛੋਂ ਖਾਲਸਾ ਜੀ ਦਾ ਜਮਨਾ ਟਪਣਾ—**

ਦੀਵਾਲੀ ਤੋਂ ਝੱਟ ਪਿਛੋਂ ਖਾਲਸਾ ਜੀ, ਨਜੀਬ ਨਾਲ ਚੰਗੀ ਤਰ੍ਹਾਂ ਨਿਬੜਨ ਲਈ, ਜਮਨਾ ਟੱਪ ਪਏ। ਦੂਜੇ ਪਾਸੇ ਨਜੀਬ ਵੀ ਕੋਈ ਕੱਚੀਆਂ ਗੋਲੀਆਂ ਨਹੀਂ ਸੀ ਖੇਡਿਆ ਹੋਇਆ। ਉਸ ਨੂੰ ਪਤਾ ਸੀ ਕਿ ਦੀਵਾਲੀ ਤੋਂ ਪਹਿਲਾਂ ਸਿੰਘ ਜੋ ਅਨ੍ਹੇਰੀ ਵਾਂਗ ਆਏ ਤੇ ਵਰੋਲੇ ਵਾਂਗ ਮੁੜ ਗਏ ਸਨ,ਇਹ ਸਿਰਫ ਟੋਹ ਹੀ ਕਢਣ ਆਏ ਸਨ। ਇਹ ਛੇਤੀ ਮੁੜਨਗੇ ਤੇ ਕਾਫ਼ੀ ਨੁਕਸਾਨ ਹੋਵੇਗਾ। ਇਸ ਲਈ ਉਸਨੇ ਆਪਣੇ ਵਲੋਂ ਪੂਰਾ ਟਿੱਲ ਲਾ ਕੇ ਬੜੀਆਂ ਤਿਆਰੀਆਂ ਕੀਤੀਆਂ ਹੋਈਆਂ ਸਨ। ਸਿੰਘਾਂ ਦਾ ਕਰੜੇ ਹਥੀਂ ਟਾਕਰਾ ਕਰਨ ਲਈ ਇਕ ਤਕੜੀ ਫ਼ੌਜ ਤੇ ਬੜਾ ਭਾਰਾ ਤੋਪਖ਼ਾਨਾ ਲੈ ਕੇ ਮੁਜ਼ੱਫਰ ਨਗਰ (ਯੂ. ਪੀ.) ਦੇ ਜ਼ਿਲੇ ਵਿਚ ਸ਼ਾਮਲੀ ਪਹੁੰਚ ਗਿਆ। ਪਹਿਲਾ ਭੇੜ ਏਥੇ ਪਿਆ। ਇਸ ਦੇ ਤੋਪਖ਼ਾਨੇ ਨੇ ਸਿੰਘਾਂ ਦਾ ਪਹਿਲਾ ਹੱਲਾ, ਜੋ ਤੇਜ਼ ਰਫ਼ਤਾਰ ਘੋੜਿਆਂ ਉਤੇ ਸਵਾਰ ਨੇਜ਼ਾ-ਬਰਦਾਰਾਂ ਤੇ ਬੰਦੂਕਚੀਆਂ ਨੇ ਕੀਤਾ, ਰੋਕ ਲਿਆ। ਕੁਝ ਦੇਰ ਤਕ ਤਾਂ ਇੰਜ ਲਗਦਾ ਸੀ ਕਿ ਸਿੰਘ ਹੁਣ ਹੱਲਾ ਨਹੀਂ ਕਰਨਗੇ। ਪਰ ਥੋੜੀ ਦੇਰ ਬਾਅਦ ਲੜਾਈ ਦਾ ਢੰਗ ਬਦਲ ਗਿਆ। ਤੋਪਖ਼ਾਨਾ ਸਿੰਘਾਂ ਦੀ ਪੇਸ਼ ਨਹੀਂ ਸੀ ਜਾਣ ਦੇਂਦਾ, ਇਸ ਲਈ ਉਨ੍ਹਾਂ ਕਮਾਦਾਂ ਦੀ ਓਟ ਲੈ ਕੇ ਹੱਲੇ ਸ਼ੁਰੂ ਕਰ ਦਿਤੇ। ਕਮਾਦ ਸਵਾਰ ਸਵਾਰ ਜਿੰਨੇ ਉੱਚੇ ਸਨ। ਇਸ ਲੁਕ ਤੋਂ ਸਿੰਘਾਂ ਖ਼ੂਬ ਕੰਮ ਲਿਆ। ਕਮਾਦਾਂ ਦੇ ਉਹਲੇ ਉਹਲੇ ਫ਼ੌਜ ਦੇ ਇਰਦ ਗਿਰਦ ਚੱਕਰ ਲਾਉਣੇ ਸ਼ੁਰੂ ਕਰ ਦਿਤੇ ਤੇ ਜਿਥੇ ਦਾਉਂ ਫਬਦਾ, ਗੋਲੀਆਂ ਦੀ ਬੁਛਾੜ ਕਰ ਕੇ ਪਿਛੇ ਹਟ ਜਾਂਦੇ ਤੇ ਵੈਰੀ ਦੀਆਂ ਤੋਪਾਂ ਦੀ ਮਾਰ ਤੋਂ ਦੂਰ ਨਿਕਲ ਜਾਂਦੇ ਸਨ। ਵੈਰੀ ਇਕ ਪਾਸਾ ਸੰਭਲਦਾ ਤਾਂ ਹੱਲਾ ਦੂਜੇ ਪਾਸੇ ਹੋ ਜਾਂਦਾ। ਦੁਸ਼ਮਣ ਉਸ ਪਾਸੇ ਧਿਆਨ ਦੇਂਦਾ ਤਾਂ ਹੱਲਾ ਹੋਰਸ ਪਾਸੇ ਹੋ ਜਾਂਦਾ। ਸ਼ਾਮ ਤਕ ਨਜੀਬ ਦੀ ਫ਼ੌਜ ਦੀ ਸੁਰਤ ਭੁਲਾ ਛਡੀ। ਨਜੀਬ ਬਹੁਤ ਖਿਝ ਰਿਹਾ ਸੀ, ਪਰ ਬਣ ਵੀ ਕੀ ਸਕਦਾ ਸੀ ? ਲਲਕਾਰੇ ਮਾਰ ਕੇ, ਰੌਲਾ ਪਾ ਕੇ, ਝਾਕਾ ਦੇ ਕੇ ਸਿੰਘ ਝਟ ਜ਼ਮੀਨ ਬਰਾਬਰ ਹੋ ਜਾਂਦੇ, ਤਭਕੇ ਹੋਏ ਤੋਪਖ਼ਾਨੇ ਦੇ ਅਫਸਰ ਉਸ ਪਾਸੇ ਤੋਪਾਂ ਚਲਾਉਂਦੇ, ਕਮਾਦ ਦੀ ਪੱਤੀ ਤੇ ਆਗ ਉਡਦੇ, ਪਰ ਹੱਲਾ ਦੂਜੇ ਪਾਸੇ ਹੋ ਜਾਂਦਾ, ਗੋਲੀਆਂ ਨਾਲ ਸਥਰ ਵਿਛਾ ਕੇ ਸਿੰਘ ਦੂਰ ਨਿਕਲ ਜਾਂਦੇ। ਇਹ ਲੁਕਣ-ਮਿਚਾਈ ਵਾਲੀ ਲੜਾਈ ਸ਼ਾਮ ਤਕ ਜਾਰੀ ਰਹੀ। ਨਜੀਬ ਦੀ ਫ਼ੌਜ ਦਾ ਭਾਵੇਂ ਕਾਫ਼ੀ ਨੁਕਸਾਨ ਹੋਇਆ, ਪਰ ਉਸ ਦੀਆਂ ਤੋਪਾਂ ਨੇ ਇਸ ਲੜਾਈ ਦਾ ਸਿੱਟਾ ਜਿਤ ਦੀ ਸ਼ਕਲ ਵਿਚ ਸਿੰਘਾਂ ਦੇ ਪਖ ਵਿਚ ਨਾ ਜਾਣ ਦਿਤਾ।

ਦੂਸਰੇ ਦਿਨ ਸੂਰਜ ਚੜ੍ਹਦੇ ਦੇ ਨਾਲ ਹੀ ਸਿੰਘ ਆਣ ਪਏ ਤੇ ਬੜੀ ਗਹਿਗੱਚ ਲੜਾਈ ਹੋਈ। ਪਹਿਲੇ ਦੋ ਘੰਟਿਆਂ ਵਿਚ ਕਈ ਚੋਣਵੇਂ ਰੁਹੇਲੇ ਸਰਦਾਰ ਮਾਰੇ ਗਏ। ਫ਼ੌਜ ਵਿਚ ਇਕ ਵਾਰ ਅਫਰਾ-ਤਫਰੀ ਮੱਚ ਗਈ। ਨਜੀਬ ਜੇ ਥੋੜੀ ਜਿਹੀ ਵੀ ਢਿਲ ਕਰ ਜਾਂਦਾ ਤਾਂ ਫ਼ੌਜ ਭਜੀ ਹੀ ਖੜੀ ਸੀ। ਉਸ ਨੇ ਸਰਦਾਰਾਂ ਨੂੰ ਲਲਕਾਰ ਕੇ ਦਮ-ਦਿਲਾਸਾ ਦਿਤਾ ਤੇ ਆਪਣੀ ਥਾਂ ਤੇ ਟਿਕੇ ਰਹਿਣ ਲਈ ਦਲੇਰੀ ਤੇ ਹੌਸਲਾ ਦਿਤਾ। ਉਹ ਇਕੋ ਗੱਲ ਕਹੀ ਜਾਂਦਾ ਸੀ ਕਿ ਜੇ ਤੁਸੀਂ ਖਿੰਡ ਗਏ ਤਾਂ ਸਿਖ ਇਕ ਇਕ ਨੂੰ ਚੁਣ ਚੁਣ ਕੇ ਕਤਲ ਕਰ ਦੇਣਗੇ। ਤੁਹਾਡਾ ਬਚਾਅ ਇਕੱਠੇ ਆਪਣੀ ਥਾਂ ਉਤੇ ਜੰਮੇ ਰਹਿਣ ਵਿਚ ਹੈ। ਭਜ ਕੇ ਤੁਸੀਂ ਬਚ ਨਹੀਂ ਸਕਦੇ। ਹਿਲੀ ਹੋਈ ਫ਼ੌਜ ਇਕ ਵਾਰ ਫਿਰ ਡੱਟ ਗਈ।

ਨਜੀਬ ਦੇ ਪੁਤਰ ਜ਼ਾਬਤਾ ਖ਼ਾਨ (ਜੋ ਪਿਛੋਂ ਸਿਖ ਬਣ ਗਿਆ ਸੀ) ਦੇ ਮੋਰਚੇ ਇਕ ਬਾਗ ਵਿਚ ਸਨ। ਸਿੰਘਾਂ ਨੇ ਉਸ ਉਤੇ ਜਾ ਹੱਲਾ ਕੀਤਾ। ਤਾਂਕਿ ਰੁਹੇਲਾ ਫੌਜ ਵਿਚ ਪਾੜਾ ਪਾ



www.AKJ.Org

ਕੇ ਉਸ ਨੂੰ ਬਾਕੀਆਂ ਨਾਲੋਂ ਨਿਖੇੜ ਕੇ ਇਕੱਲਿਆਂ ਇਕੱਲਿਆਂ ਟੁਕੜਿਆਂ ਉਤੇ ਭਰਪੂਰ ਹੱਲੇ ਕੀਤੇ ਜਾਣ। ਨਜੀਬ ਨੂੰ ਪਤਾ ਸੀ ਕਿ ਜੇ ਫ਼ੌਜ ਇੰਜ ਨਿਖੜ ਗਈ ਤਾਂ ਫਿਰ ਸਿੰਘਾਂ ਦਾ ਮੁਕਾਬਲਾ ਕਰਨਾ ਬਹੁਤ ਔਖਾ ਹੋ ਜਾਵੇਗਾ। ਇਸ ਲਈ ਉਹ ਸਰਦਾਰਾਂ ਨੂੰ ਤਾਕੀਦ ਕਰ ਰਿਹਾ ਸੀ ਕਿ ਸਾਰੇ ਇਕ ਥਾਂ ਰਹੋ। ਜੇ ਵਧਣਾ ਪਵੇ ਤਾਂ ਸਾਰੇ ਇਕੱਠੇ ਹੀ ਇਕ ਵਾਰ ਵਧੋ। ਵਖ ਵਖ ਕੋਈ ਦਸਤਾ ਅੱਗੇ ਨਾ ਵਧੋ। ਵਖ ਵਖ ਹੋ ਕੇ ਅਗੇ ਵਧਣਾ ਮੌਤ ਦੇ ਮੂੰਹ ਵਿਚ ਜਾਣਾ ਹੈ। ਸਆਦਤ ਖ਼ਾਨ ਦਾ ਭਾਈ ਸਾਦਿਕ ਖ਼ਾਨ, ਜੋ ਬੜਾ ਬਹਾਦਰ ਤੇ ਜੋਸ਼ੀਲਾ ਸੀ, ਆਪਣੇ ਜੋਸ਼ ਦੀ ਲਪੇਟ ਵਿਚ ਆ ਕੇ, ਨਜੀਬੁੱਦੌਲਾ ਦੀ ਤਾਕੀਦ ਨੂੰ ਭੁਲ ਗਿਆ ਤੇ ਵਧ ਕੇ ਸਿੰਘ ਉਤੇ ਹੁਲਾ ਕਰਨ ਗਿਆ ਬੁਰੀ ਤਰ੍ਹਾਂ ਫਸ ਗਿਆ। ਸਆਦਤ ਖ਼ਾਨ ਨੇ ਉਸ ਨੂੰ ਬਚਾਉਣ ਲਈ ਆਪਣੇ ਮਤਹਿਤ ਫ਼ੌਜ ਅਗਾਂਹ ਵਧਾਈ ਤੇ ਬੜੀ ਭਾਰੀ ਟੱਕਰ ਹੋਈ। ਨਜੀਬ ਨੇ ਖ਼ੁਦ ਪਿਛੋਂ ਤੋਪਾਂ ਅਗੇ ਕਰ ਕੇ ਬੜੀ ਮੁਸ਼ਕਲ ਨਾਲ ਸਆਦਤ ਖ਼ਾਨ ਤੇ ਸਾਦਿਕ ਖਾਨ ਨੂੰ ਬਚਾਇਆ ਸੀ। ਜ਼ਾਬਤਾ ਖਾਨ ਨੇ ਆਪਣੀ ਫ਼ੌਜ ਨੂੰ ਅੱਗੇ ਨਹੀਂ ਵਧਣ ਦਿੱਤਾ, ਆਪਣੇ ਥਾਂ ਤੇ ਪੱਕੀ ਤਰ੍ਹਾਂ ਟਿਕਾਈ ਰਖਿਆ ਤੇ ਇੰਜ ਚੰਗਾ ਮੁਕਾਬਲਾ ਕੀਤਾ।

ਸਾਦਿਕ ਖ਼ਾਨ ਨੂੰ ਬਚਾਉਣ ਲਈ ਸਆਦਤ ਖ਼ਾਨ ਕਾਫ਼ੀ ਫ਼ੌਜ ਲੈ ਕੇ ਅੱਗੇ ਵਧ ਗਿਆ ਸੀ। ਜਦ ਨਜੀਬੁੱਦੌਲਾ ਨੂੰ ਪਤਾ ਲੱਗਾ ਕਿ ਸਆਦਤ ਖ਼ਾਨ ਕੀਤੀ ਤਾਕੀਦ ਨੂੰ ਭੁਲ ਕੇ ਸਿਖਾਂ ਪਰ ਹਲਾ ਕਰਨ ਚਲਾ ਗਿਆ ਹੈ ਤੇ ਆਪਣਾ ਪਿਛਾ ਖ਼ਾਲੀ ਕਰ ਗਿਆ ਹੈ ਤਾਂ ਉਸ ਨੇ ਮਥੇ ਤੇ ਹਥ ਮਾਰਿਆ ਤੇ ਕਿਹਾ ਕਿ "ਇਸ ਨੇ ਮੇਰਾ ਬਣਿਆ ਬਣਾਇਆ ਸਭ ਖੇਲ ਵਿਗਾੜ ਦਿਤਾ ਹੈ। ਉਸ ਨੇ ਬੜੀ ਤੇਜ਼ੀ ਨਾਲ ਆਪਣੇ ਪੁਤਰ ਜ਼ਾਬਤਾ ਖ਼ਾਨ ਨੂੰ ਸੁਨੇਹਾ ਘਲਾਇਆ ਕਿ ਹੁਸ਼ਿਆਰ ਰਹੇ। ਅੱਗੇ ਵੱਧ ਕੇ ਸਿਖਾਂ ਦੇ ਗਲ ਨਾ ਪਵੇ। ਦਸੇ ਅਨੁਸਾਰ ਫ਼ੌਜ ਦੇ ਨਾਲੇ ਰਹਿ ਕੇ ਲੜਾਈ ਕਰੇ। ਫ਼ੌਜ ਤੋਂ ਵਖ ਹੋ ਕੇ ਅੱਗੇ ਪਿਛੇ ਨਾ ਹਿੱਲੇ। ਫ਼ੌਜ ਵਿਚ ਬੇਦਿਲੀ ਤੇ ਅਫਰਾ-ਤਫਰੀ ਨਾ ਮਚਣ ਦੇਵੇ। ਨਜੀਬ ਆਪ ਫ਼ੌਰਨ ਪਿਛੇ ਨੂੰ ਗਿਆ ਤਾਕਿ ਤੋਪਾਂ ਤੇ ਜ਼ੰਬੂਰੇ ਅੱਗੇ ਕਰ ਕੇ ਸਆਦਤ ਖ਼ਾਨ ਤੇ ਸਾਦਿਕ ਖ਼ਾਨ ਨੂੰ ਸਹਾਇਤਾ ਦੇ ਕੇ ਉਨ੍ਹਾਂ ਨੂੰ ਬਚਾਵੇ। ਇਸ ਵੇਲੇ ਸਿੰਘਾਂ ਨੇ ਇਕ ਉਚੇ ਟਿੱਬੇ ਉਤੇ ਕਬਜ਼ਾ ਕੀਤਾ ਹੋਇਆ ਸੀ ਤੇ ਉਸ ਤੋਂ ਗੋਲੀਆਂ ਦੀਆਂ ਵਾੜਾਂ ਝਾੜ ਰਹੇ ਸਨ। ਸਿੰਘਾਂ ਨੇ ਜ਼ਾਬਤਾ ਖਾਨ ਨੂੰ ਵੀ ਨਰਗੇ ਵਿਚ ਲੈ ਲਿਆ ਸੀ, ਰੁਹੇਲਾ ਫ਼ੌਜ ਵਿਚ ਪਾੜਾ ਵੀ ਪਾ ਲਿਆ ਸੀ, ਪਰ ਤੋਪਾਂ ਤੇ ਜ਼ੰਬੂਰਿਆਂ ਨੇ ਕੋਈ ਪੇਸ਼ ਨਾ ਜਾਣ ਦਿਤੀ। ਉਨ੍ਹਾਂ ਪਾਸ ਮੁਕਾਬਲੇ ਵਿਚ ਕੋਈ ਤੋਪ ਜਾਂ ਜ਼ੰਬੂਰਕਾ ਨਹੀਂ ਸੀ, ਇਸ ਲਈ ਉਹ ਜਿਤ ਨਾ ਪ੍ਰਾਪਤ ਕਰ ਸਕੇ। ਸਾਰਾ ਦਿਨ ਇਹ ਅਸਾਵੀਂ ਲੜਾਈ ਪੂਰੇ ਜ਼ੋਰ ਨਾਲੇ ਹੁੰਦੀ ਰਹੀ। ਏਨੀ ਤਿਆਰੀ ਤੇ ਏਨੀ ਜ਼ਿਆਦਾ ਯੁਧ-ਸਮਗਰੀ ਹੁੰਦਿਆਂ ਹੋਇਆਂ ਵੀ ਨਜੀਬ ਸਿੰਘਾਂ ਨੂੰ ਮੈਦਾਨੋਂ ਉਖੇੜ ਨਾ ਸਕਿਆ, ਸਗੋਂ ਆਪਣਾ ਬਚਾ ਹੀ ਕਰੀ ਗਿਆ। ਨਜੀਬ ਦੀ ਫੌਜ ਨੇ ਸਮੁੱਚੇ ਤੌਰ ਤੇ ਜਾਂ ਕਿਸੇ ਜਰਨੈਲ ਨੇ ਅੱਗੇ ਵਧ ਕੇ ਸਿੰਘਾਂ ਉਤੇ ਹਲਾ ਕਰਨ ਦਾ ਹੌਸਲਾ ਨਹੀਂ ਕੀਤਾ। ਸਾਰਾ ਦਿਨ ਹੱਲੇ ਸਿੰਘਾਂ ਵਾਲੇ ਪਾਸਿਓਂ ਹੀ ਹੁੰਦੇ ਰਹੇ, ਜੋ ਸ਼ਾਮ ਤੱਕ ਜਾਰੀ ਰਹੇ। ਅੰਨ੍ਹੇਰਾ ਹੋਣ ਤੇ ਲੜਾਈ ਥੰਮ੍ਹੀ। ਤੋਪਾਂ ਜ਼ੰਬੂਰਿਆਂ ਨਾਲ ਨੇਜ਼ਿਆਂ ਬੰਦੂਕਾਂ ਦਾ ਕੀ ਮੁਕਾਬਲਾ। ਕੋਈ ਨਵਾਂ ਪੈਂਤੜਾ ਲੈਣ ਦੀ ਨੀਤੀ ਨਾਲ ਅੰਨ੍ਹੇਰੇ ਦਾ ਫ਼ਾਇਦਾ ਉਠਾ ਕੇ ਸਿੰਘ ਪਿਛੇ ਹਟ ਗਏ।

## ਜਵਾਹਰ ਸਿੰਘ ਭਰਤਪੁਰੀਏ ਦੀ ਸਹਾਇਤਾ ਕਰਕੇ ਮਰਾਠੇ ਉਸ ਦੇ ਗਲੋਂ ਲਾਹੁਣੇ—

ਦਸੰਬਰ ੧੭੬੫ ਈ: ਵਿਚ ਮਰਾਠੇ ਜਵਾਹਰ ਸਿੰਘ ਭਰਤਪੁਰੀਏ ਦੇ ਇਲਾਕੇ ਵਿਚ ਘੁਸ ਕੇ ਲੁਟ-ਮਾਰ ਕਰ ਰਹੇ ਸਨ। ਜਵਾਹਰ ਸਿੰਘ ਦੇ ਆਪਣੇ ਵਿਚ ਦਮ ਨਹੀਂ ਸੀ ਕਿ ਮਰਾਠਿਆਂ ਨੂੰ ਡੱਕਰ ਸਕੇ। ਉਹ ਸਮਝਦਾ ਸੀ ਕਿ ਮਰਾਠਿਆਂ ਨਾਲ ਉਹ ਇਕੱਲਾ ਮੱਥਾ ਨਹੀਂ ਲਾ ਸਕਦਾ। ਉਸ ਨੂੰ ਮਰਾਠਿਆਂ ਦੇ ਖ਼ਿਲਾਫ ਸਿਵਾਏ ਖਾਲਸਾ ਜੀ ਦੇ ਹੋਰ ਕਿਸੇ ਪਾਸਿਓਂ ਸਹਾਇਤਾ ਦੀ ਆਸ ਵੀ ਨਹੀਂ ਸੀ। ਉਸ ਨੇ ਆਪਣਾ ਵਕੀਲ ਰਾਮ ਕਿਸ਼ਨ ਅਹੀਰ ਖਾਲਸਾ ਜੀ ਦੀ ਸੇਵਾ ਵਿਚ ਭੇਜ ਕੇ ਸਹਾਇਤਾ ਲਈ ਬੇਨਤੀ ਕੀਤੀ ਤੇ ਖਰਚ-ਪਠੇ



www.AKJ.Org

ਵਜੋਂ ਸੱਤ ਲਖ ਰੁਪਏ ਦੇਣੇ ਕੀਤੇ । ਸਿੰਘਾਂ ਨਾਲ ਜਵਾਹਰ ਸਿੰਘ ਦਾ ਮੇਲ ਤੇ ਮਿਤਰਾਨਾ ਪੁਰਾਣਾ ਚਲਿਆ ਆ ਰਿਹਾ ਸੀ। ਉਨ੍ਹਾਂ ਨੇ ਤਿੰਨ ਵਾਰ ਫਰਵਰੀ ੧੭੬੪, ਦਸੰਬਰ ੧੭੬੪ ਅਤੇ ਦਸੰਬਰ ੧੭੬੫ ਵਿਚ ਨਜੀਬੁੱਦੌਲਾ ਵਿਰੁਧ ਸਹਾਇਤਾ ਕਰ ਕੇ ਭਰਤਪੁਰੀਆਂ ਨੂੰ ਨਜੀਬ ਦੇ ਉਤਲੇ ਪਾਸੇ ਲਿਆਂਦਾ ਸੀ। ਇਹ ਪੁਰਾਣਾ ਮਿਤਰਾਨਾ ਨਿਭਾਉਣ ਲਈ ਸਿੰਘਾਂ ਨੇ ਉਸ ਵੱਡੀ ਜਿਤ ਦੀ ਪਰਵਾਹ ਨਾ ਕੀਤੀ ਜੋ ਸ਼ਾਮਲੀ ਦੀ ਮੁਹਿੰਮ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਸਾਮ੍ਹਣੇ ਸਾਫ਼ ਦਿਸ ਰਹੀ ਸੀ, ਕਿਉਂਕਿ ਨਜੀਬ ਦੀ ਫ਼ੌਜ ਦਾ ਤੋਪਖਾਨੇ ਕਾਰਨ ਭਾਵੇਂ ਇਕ ਦੋ ਦਿਨਾਂ ਵਿਚ ਲੱਕ ਤਾਂ ਨਾ ਤੋੜਿਆ ਜਾ ਸਕਿਆ, ਪਰ ਇਸ ਮੁਹਿੰਮ ਵਿਚ ਲੜਾਈ ਦਾ ਢੰਗ ਜੋ ਸਿੰਘਾਂ ਅਪਣਾ ਲਿਆ ਸੀ, ਇਸ ਨਾਲ ਥੋੜੇ ਜਿਹੇ ਦਿਨਾਂ ਵਿਚ ਹੀ ਇਹ ਫੌਜ ਕਖਾਂ ਕਾਨਾਂ ਵਾਂਗ ਖਿੰਡ ਪੁੰਡ ਜਾਣੀ ਸੀ, ਜੋ ਦੋ ਦਿਨ ਦੀ ਲੜਾਈ ਵਿਚ ਬਹੁਤ ਜ਼ਿਆਦਾ ਬੇਦਿਲ ਤੇ ਮਾਯੂਸ ਹੋ ਚੁਕੀ ਸੀ । ਸੋ ਉਨ੍ਹਾਂ ਮਿੱਤਰ ਨੂੰ ਮੁਸੀਬਤ ਮੂੰਹੋਂ ਕਢਣ ਖਾਤਰ, ਸ਼ਾਮਲੀ ਦੀ ਮੁਹਿੰਮ ਕੁਛ ਚਿਰ ਲਈ ਪਿਛੇ ਪਾ ਦਿਤੀ ਤੇ ਦਸੰਬਰ ੧੭੬੫ ਦੇ ਅਖੀਰਲੇ ਦਿਨਾਂ ਵਿਚ ਮਰਾਠਿਆਂ ਤੇ ਚੋਟ ਕਰਨ ਲਈ ਜੈ ਪੁਰ ਦੀ ਹੱਦ ਵੱਲ ਨੂੰ ਵਾਗਾਂ ਮੋੜ ਦਿਤੀਆਂ । ਪਹਿਲਾਂ ਤਾਂ ਨਜੀਬ ਨੂੰ ਯਕੀਨ ਹੀ ਨਾ ਆਇਆ ਕਿ ਸਿੰਘ ਉਸ ਦਾ ਏਡੀ ਛੇਤੀ ਖਹਿੜਾ ਛਡ ਕੇ ਚਲੇ ਜਾਣਗੇ, ਪਰ ਜਦ ਖਾਲਸਾ ਜੀ ਦਾ ਜਮਨਾ ਟੱਪ ਜਾਣਾ ਤਸਦੀਕ ਹੋ ਗਿਆ ਤਾਂ ਉਸ ਨੇ ਸੁਖ ਦਾ ਸਾਹ ਲਿਆ ਤੇ ਅੱਲਾ ਦਾ ਲਖ ਲਖ ਸ਼ੁਕਰ ਕੀਤਾ ।

**ਰਿਵਾੜੀ ਲੁਟੀ ਗਈ**–ਸ: ਜੱਸਾ ਸਿੰਘ ਆਹਲੂਵਾਲੀਏ ਨੇ ਨਾਲ ਦੇ ਦੂਸਰੇ ਸਿੰਘਾਂ ਸਰਦਾਰਾਂ ਸ: ਜੱਸਾ ਸਿੰਘ ਰਾਮਗੜ੍ਹੀਆ, ਸ: ਸ਼ਾਮ ਸਿੰਘ, ਸ: ਤਾਰਾ ਸਿੰਘ ਗੈਬਾ ਡੱਲੇਵਾਲੀਆ ਆਦਿ ਨਾਲ ਸਲਾਹ ਕਰ ਕੇ ਸਕੀਮ ਇਹ ਬਣਾਈ ਕਿ ਜਵਾਹਰ ਸਿੰਘ ਤੋਂ ਭਾਰ ਲਾਹੁਣ ਲਈ ਮਰਾਠਿਆਂ ਦਾ ਧਿਆਨ ਦੂਜੇ ਪਾਸੇ ਕਰਨ ਲਈ ਉਨ੍ਹਾਂ ਦੇ ਅਨੁਸਾਰੀ, ਅਤੇ ਅਹਿਮਦਸ਼ਾਹ ਦੁਰਾਨੀ ਦੇ ਹਮਾਇਤੀ ਰਾਜਾ ਮਾਧੋ ਸਿੰਘ ਜੈ ਪੁਰੀਏ (ਦੁਰਾਨੀ ਦਾ ਹਮਾਇਤੀ ਹੋਣ ਕਰਕੇ ਸਿੰਘ ਉਸ ਨੂੰ ਨਜੀਬ ਵਰਗਾ ਹੀ ਦੁਸ਼ਮਣ ਤੇ ਦੇਸ਼-ਧਰੋਹੀ ਸਮਝਦੇ ਸਨ, ਇਸ ਲਈ ਲਗਦੇ ਹੱਥ ਇਸ ਬਹਾਨੇ ਉਸਦੇ ਸਲੂੰਦੇ ਹੋਏ ਪਿੰਡੇ ਉਤੇ ਕੁਝ ਕੁ ਲੋੜੀਂਦੀ ਮਾਲਸ਼ ਕਰਨਾ ਚਾਹੁੰਦੇ ਸਨ, ਸੋ ਹੁਣ ਸੋਹਣਾ ਢੋ ਢੁਕ ਗਿਆ ਸੀ) ਦੇ ਇਲਾਕੇ ਉਤੇ ਹੱਲਾ ਕੀਤਾ ਜਾਏ । ਰਿਵਾੜੀ ਜੈ ਪੁਰੀਏ ਦਾ ਸਰਹੱਦੀ ਸ਼ਹਿਰ ਸੀ । ਖਾਲਸਾ ਜੀ ਨੇ ਇਸ ਉਤੇ ਹੱਲਾ ਕਰ ਦਿਤਾ । ਇਹ ਸ਼ਹਿਰ ਬਾਦਸ਼ਾਹੀ ਅਹਿਲਕਾਰ ਰਾਜਾ ਨਾਗਰ ਮੱਲ ਨੂੰ ਜਾਗੀਰ ਵਿਚ ਮਿਲਿਆ ਹੋਇਆ ਸੀ । ਇਥੋਂ ਦੇ ਆਮਲ ਨੇ ਅਸਲੋਂ ਮਜ਼ਾਹਮਤ ਨਾ ਕੀਤੀ । ਸ਼ਹਿਰ ਨੂੰ ਲੁਟੀਂਦਾ ਛਡ ਕੇ, ਰਾਤ ਦੇ ਅੰਨ੍ਹੇਰੇ ਵਿਚ ਆਪਣੀ ਜਾਨ ਬਚਾ ਕੇ ਨੱਸ ਗਿਆ ।

**ਖਾਲਸਾ ਦਲ ਜੇਪੁਰ ਵਲ–**

ਖਾਲਸਾ ਦਲ ੨੫ ਹਜ਼ਾਰ ਸਵਾਰਾਂ ਨਾਲ ਜੈ ਪੁਰ ਦੇ ਇਲਾਕੇ ਵਿਚ ਦੂਰ ਤਕ ਮਾਰੋ ਮਾਰ ਕਰਦਾ ਘੁਸ ਗਿਆ । ਹੁਣ ਜਵਾਹਰ ਸਿੰਘ ਵੀ ਆਪਣੀ ਫ਼ੌਜ ਸਮੇਤ ਆਣ ਰਲਿਆ । ਕਈ ਪਿੰਡ ਤੇ ਕਸਬੇ ਮਾਰਦੇ ਹੋਏ ਕੋਟ ਪੁਤਲੀ ਤਕ ਆਣ ਅੱਪੜੇ । ਕੋਟ ਪੁਤਲੀ ਨੂੰ ਬਹੁਤ ਬੁਰੀ ਤਰ੍ਹਾਂ ਲੁਟ ਪੁਟ ਕੇ ਬਰਬਾਦ ਕਰ ਦਿਤਾ ।

ਜੈਪੁਰ ਦੀ ਰਿਆਸਤ ਵਿਚ ਉਸ ਵੇਲੇ ਕੁਝ ਗੜਬੜ ਸੀ । ਰਤਨ ਸਿੰਘ ਖਾਂਗਾਰੋਟ ਕਿਲ੍ਹੇ ਵਿਚ ਆਕੀ ਹੋਇਆ ਬੈਠਾ ਸੀ । ਜੈਪੁਰ ਦਾ ਬਖਸ਼ੀ ਦੂਲਾ ਰਾਇ ਤੇ ਖਾਨਿਸਾ ਮਾਨ ਜੈ ਚੰਦ ਉਸ ਦੀ ਬਗਾਵਤ ਨੂੰ ਦਬਾਉਣ ਲਈ ਕਾਨੌੜ ਗਏ ਹੋਏ ਸਨ । ਸਿੰਘਾਂ ਨੇ ਅੱਗੇ ਵਧ ਕੇ ਸੱਤ ਅੱਠ ਕੋਹ ਉਤੇ ਜਾ ਪੜਾਓ ਕੀਤਾ । ਮਾਧੋ ਸਿੰਘ ਖਾਲਸੇ ਦੀ ਆਮਦ ਦੀ ਖਬਰ ਸੁਣ ਕੇ ਬੁਰੀ ਤਰ੍ਹਾਂ ਘਬਰਾ ਗਿਆ । ਖਾਲਸਾ ਜੀ ਨਾਲ ਟੱਕਰ ਲੈਣ ਦੀ ਉਸ ਵਿਚ ਤਾਕਤ ਨਹੀਂ ਸੀ । ਉਸ ਨੇ ਬੜੇ ਤੇਜ਼ ਰਫ਼ਤਾਰ ਕਾਸਦ ਮਰਾਠੇ ਸਰਦਾਰਾਂ ਵਲ ਭੇਜੇ ਕਿ ਉਹ ਬਹੁਤ ਬੁਰੀ ਬਿਪਤਾ ਵਿਚ ਫਸ ਗਿਆ ਹੈ । ਸਹਾਇਤਾ ਲਈ ਬੇਨਤੀ ਕੀਤੀ ਤੇ ਇਸ ਸਹਾਇਤਾ ਵਜੋਂ ੫ ਹਜ਼ਾਰ


www.AKJ.Org

ਰੋਜ਼ ਦਾ ਦੇਣਾ ਕੀਤਾ। ਉਸ ਨੂੰ ਇਹ ਇਲਮ ਸੀ ਕਿ ਮਰਾਠਿਆਂ ਦੀ ਜਵਾਹਰ ਸਿੰਘ ਨਾਲ ਪੂਰੀ ਪੂਰੀ ਖੜਕਦੀ ਹੈ। ਉਹ ਜਨਵਰੀ ਫ਼ਰਵਰੀ ੧੭੬੫ ਵਿਚ ਜਵਾਹਰ ਸਿੰਘ ਦੀ ਨਜੀਬੁੱਦੌਲਾ ਵਿਰੁਧ ਸਹਾਇਤਾ ਨੂੰ ਗਏ ਸਨ। ਮਰਾਠੇ ਬੇ-ਈਮਾਨ ਸਾਬਤ ਹੋਏ । ਇਮਾਦੁਲ-ਮੁਲਕ ਗਾਜ਼ੀਉਦੀਨ ਨਾਲ ਅੰਦਰੋ ਅੰਦਰੀ ਘੁਰਮਸੋਰਾ ਕਰ ਕੇ ਨਜੀਬ ਨਾਲ ਸੁਲਹ ਕਰ ਲਈ। ਉਸ ਵੇਲੇ ਵੀ ਸਿੰਘ ਜਵਾਹਰ ਸਿੰਘ ਦੀ ਸਹਾਇਤਾ ਤੇ ਆਏ ਹੋਏ ਸਨ। ਨਜੀਬ ਦੀ ਹਾਰ ਹੋਣ ਹੀ ਵਾਲੀ ਸੀ, ਜਦ ਮਰਾਠੇ ਇਹ ਵਿਸਾਹਘਾਤ ਕਰ ਗਏ, ਤੇ ਜਵਾਹਰ ਸਿੰਘ ਨੂੰ ਮਜਬੂਰ ਹੋ ਕੇ ਇਹ ਸੁਲਹ ਮੰਨਣੀ ਪਈ ਸੀ।

ਮਹਾ ਜੀ ਸਿੰਧੀਆ ਦੀ ਇਕ ਫ਼ੌਜ ਉਸ ਵੇਲੇ ਅਚਿਉਤ ਰਾਉ ਗਣੇਸ਼ ਦੀ ਕਮਾਨ ਹੇਠ ਕਿਸ਼ਨ ਗੜ੍ਹ ਦੇ ਲਾਗੇ ਲੁਟ-ਮਾਰ ਵਿਚ ਲੱਗੀ ਹੋਈ ਸੀ। ਉਹ ਮਾਧੋ ਸਿੰਘ ਦੀ ਸਹਾਇਤਾ ਨੂੰ ਤੁਰ ਪਈ। ਪਤਾ ਨਹੀਂ, ਜਵਾਹਰ ਸਿੰਘ ਨੇ ਕੀ ਸੋਚਿਆ। ਜੈਪੁਰ ਉਤੇ ਸਿੰਘਾਂ ਦਾ ਕਬਜ਼ਾ ਹੋ ਜਾਣ ਦੀ ਬਜਾਏ ਨਵਲ ਸਿੰਘ ਦੇ ਰਾਹੀਂ ਰਾਜਾ ਮਾਧੋ ਸਿੰਘ ਨਾਲ ਸੁਲਾਹ ਕਰ ਲਈ। (੧)

## ਖਾਲਸਾ ਜੀ ਨੇ ਰਾਣਾ ਗੋਹਦ ਦੀ ਸਹਾਇਤਾ ਕੀਤੀ (ਮਾਰਚ ੧੭੬੬)

ਜਵਾਹਰ ਸਿੰਘ ਦਾ ਆਪਣਾ ਕੰਮ ਸਰ ਗਿਆ। ਪਰ ਉਹ ਖਾਲਸਾ ਜੀ ਤੋਂ ਕੁਝ ਹੋਰ ਸਹਾਇਤਾ ਲੈਣੀ ਚਾਹੁੰਦਾ ਸੀ। ਗੋਹਦ ਦੀ ਰਿਆਸਤ ਦਾ ਵਾਲੀ ਵੀ ਇਕ ਜੱਟ ਰਾਜਾ ਹੀ ਸੀ। ਗੋਹਦ ਭਾਵੇਂ ਭਰਤਪੁਰ ਦੇ ਮਤਹਿਤ ਤਾਂ ਨਹੀਂ ਸੀ, ਪਰ ਜੱਟ ਭਰਾ ਹੋਣ ਦੇ ਨਾਤੇ ਜਵਾਹਰ ਸਿੰਘ ਨੇ ਉਸ ਨੂੰ ਔਕੜ ਵੇਲੇ ਸਹਾਇਤਾ ਦਾ ਭਰੋਸਾ ਦਿਤਾ ਹੋਇਆ ਸੀ। ਮਰਾਠੇ ਉਸ ਦੇ ਇਲਾਕੇ ਵਿਚ ਵੀ ਲੁਟ-ਮਾਰ ਕਰ ਰਹੇ ਸਨ। ਮਰਾਠਿਆਂ ਦੀ ਚੁਕਣਾ ਵਿਚ ਆ ਕੇ ਨਾਹਰ ਸਿੰਘ, ਜੋ ਜਵਾਹਰ ਸਿੰਘ ਦਾ ਭਾਈ ਸੀ, ਭਰਤਪੁਰ ਦੇ ਰਾਜ ਉਤੇ ਆਪਣਾ ਦਾਅਵਾ ਜਤਾ ਰਿਹਾ ਸੀ। ਮਰਾਠਿਆਂ ਨੇ ਉਸ ਨੂੰ ਸਹਾਇਤਾ ਦਾ ਵਾਅਦਾ ਵੀ ਦਿਤਾ ਹੋਇਆ ਸੀ, ਇਸ ਲਈ ਉਨ੍ਹਾਂ ਦੀ ਮਿਲੀ ਭੁਗਤ ਸੀ। ਨਾਹਰ ਸਿੰਘ ਦੀ ਉਕਸਾਹਟ ਕਾਰਨ ਮਲਹਾਰ ਰਾਉ ਹੁਲਕਰ ਨੇ ਸੁਲਤਾਨ ਜੀ ਲੰਬਾਟੇ, ਮਾਕਾ ਜੀ ਲੰਬਾਟੇ ਅਤੇ ਸ਼ਾਂਤਾ ਜੀ ਬਾਬਲੇ ਦੀ ਕਮਾਨ ਥਲੇ ਪੰਦਰ੍ਹਾਂ ਹਜ਼ਾਰ ਮਰਾਠਾ ਸਵਾਰ ਗੋਹਦ ਦੇ ਇਲਾਕਿਆਂ ਵਿਚ ਲੁਟ-ਮਾਰ ਲਈ ਭੇਜ ਦਿਤੇ। ਇਸ ਲਾਮ-ਲਸ਼ਕਰ ਨੇ ਧੌਲਪੁਰ ਤੋਂ ਲੈ ਕੇ ਡੀਗ ਅਤੇ ਆਗਰੇ ਦੀਆਂ ਕੰਧਾਂ ਤਕ ਜਾਟਾਂ ਦੇ ਸਾਰੇ ਪਿੰਡ ਉਜਾੜ ਛਡੇ ਸਨ। ਰਾਜਾ ਜਵਾਹਰ ਸਿੰਘ ਨੇ ਖਾਲਸਾ ਜੀ ਨੂੰ ਬੇਨਤੀ ਕਰਕੇ ੭ ਹਜ਼ਾਰ ਸਵਾਰ ਸਹਾਇਤਾ ਲਈ ਲੈ ਲਏ ਤੇ ਨਾਲ ਆਪਣੀ ਫੌਜ ਮਿਲਾ ਕੇ ਗੋਹਦ ਦੀ ਸਹਾਇਤਾ ਲਈ ਆਣ ਪੁਜਾ। ੧੩ ਮਾਰਚ ੧੭੬੬ ਨੂੰ ਧੌਲਪੁਰ ਦੇ ਲਾਗੇ ਮਰਾਠਿਆਂ ਨੂੰ ਦੋ ਦੋ ਹੱਥ ਕਰਨ ਲਈ ਲਲਕਾਰਿਆ।

## ਧੌਲਪੁਰ ਉਤੇ ਸਿੰਘਾਂ ਕਬਜ਼ਾ ਕਰ ਲਿਆ–

ਸਿੰਘਾਂ ਨੇ ਜਵਾਹਰ ਸਿੰਘ ਨੂੰ ਸਮਝਾ ਦਿਤਾ ਕਿ ਲੜਾਈ ਸਾਡੇ ਢੰਗ ਨਾਲ ਹੋਵੇਗੀ। ਉਸ ਨੂੰ ਇਕ ਬਾਹੀ ਉਤੇ ਤਿਆਰ ਰਹਿਣ ਲਈ ਖੜਾ ਕਰਕੇ ਸਿੰਘਾਂ ਨੇ ਆਪਣੇ ਹਰੋਲਾਂ ਨੂੰ ਅਗੇ ਵਧਾਇਆ ਤੇ ਢਾਈ ਫਟ ਵਾਲਾ ਹਲਾ ਮਰਾਠਿਆ ਉਤੇ ਕੀਤਾ। ਜਦ ਮਰਾਠੇ ਅਗੋਂ ਭਬਕ ਕੇ ਇਨ੍ਹਾਂ ਉਤੇ ਤੇਜ਼ੀ ਨਾਲ ਪਏ ਤਾਂ ਉਨ੍ਹਾਂ ਨੂੰ ਆਪਣੇ ਪਿਛੇ ਲਾ ਕੇ ਪਿਛਾਂਹ ਨੂੰ ਮੁੜ ਆਏ। ਮਰਾਠਿਆਂ ਨੇ ਸਮਝਿਆ ਕਿ ਸਿਖ ਸਾਥੋਂ ਡਰ ... ਰ ਹਾਰ ਕੇ ਭਜ ਨਿਕਲੇ ਹਨ। ਉਨ੍ਹਾਂ ਨੂੰ ਨਹੀਂ ਸੀ ਪਤਾ ਕਿ ਸਿੰਘ ਆਪਣੇ ਦਾਉ ਤੇ ਹਨ ਤੇ ਉਨ੍ਹਾਂ ਨੂੰ ਆਪਣੇ

(੧) ਪੇਸ਼ਵਾ ਦਾ ਦਫਤਰ–ਸਫ਼ਾ ੨੯-੯੯, ੧੦੨, ੧੨੧, ੧੨੭, ੧੯੭;
ਖੁਸ਼ਵਕਤ ਰਾਇ–ਕਿਤਾਬ-ਇ-ਤਾਰੀਖ਼-ਇ-ਪੰਜਾਬ, ਸਫ਼ਾ, ੧੦੪;
ਡਾ: ਹਰੀ ਰਾਮ ਗੁਪਤਾ–ਹਿਸਟਰੀ ਆਫ ਦੀ ਸਿਖਸ ਜਿਲਦ ਪਹਿਲੀ, ਸਫ਼ਾ ੨੪੩।



www.AKJ.Org

ਜਾਲ ਵਿਚ ਫਸਾ ਰਹੇ ਹਨ। ਮਰਾਠੇ ਬੜੇ ਜੋਸ਼ ਨਾਲ ਸਿੰਘਾਂ ਦੇ ਮਗਰ ਪਏ। ਇਸ ਤਰ੍ਹਾਂ ਜਦ ਪਿਛੇ ਪਿਛੇ ਮਰਾਠੇ ਜਵਾਹਰ ਸਿੰਘ ਦੀ ਫੌਜ ਦੇ ਅਗਲਿਆਂ ਦਸਤਿਆਂ ਪਾਸ ਆ ਗਏ ਤਾਂ ਸਿੰਘ ਬੜੀ ਤੇਜ਼ੀ ਨਾਲ ਪਿਛਲੇ ਪੈਰੀਂ ਮੁੜ ਪਏ ਤੇ ਜਵਾਹਰ ਸਿੰਘ ਦੀ ਫੌਜ ਦੇ ਸਜੇ ਹੱਥ ਹੋ ਕੇ, ਮਰਾਠਿਆਂ ਨੂੰ ਵਿਚਕਾਰ ਲੈ ਕੇ ਉਨ੍ਹਾਂ ਉਤੇ ਗੋਲੀਆਂ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿਤਾ, ਜਿਸ ਨਾਲ ਮਰਾਠਿਆਂ ਦੀਆਂ ਅਨੇਕਾਂ ਕਾਠੀਆਂ ਖ਼ਾਲੀ ਹੋ ਗਈਆਂ। ਦੂਜੇ ਪਾਸੇ ਜਵਾਹਰ ਸਿੰਘ ਇਸ਼ਾਰਾ ਮਿਲਦਿਆਂ ਸਾਰ ਅਗੇ ਨੂੰ ਵਧਿਆ ਤੇ ਮਰਾਠਿਆਂ ਉਤੇ ਬੰਦੂਕਾਂ ਦਾਗਣੀਆਂ ਸ਼ੁਰੂ ਕਰ ਦਿਤੀਆਂ। ਮਰਾਠਿਆਂ ਉਤੇ ਤਿੰਨਾਂ ਪਾਸਿਆਂ ਤੋਂ ਗੋਲੀਆਂ ਦੀਆਂ ਬੁਛਾੜਾਂ ਹੋ ਰਹੀਆਂ ਸਨ। ਉਨ੍ਹਾਂ ਨੂੰ ਹੁਣ ਸਮਝ ਪਈ ਕਿ ਉਹ ਬੜੇ ਕੁਥਾਂ ਫਸ ਗਏ ਹਨ ਤੇ ਸਿੰਘਾਂ ਤੇ ਜਾਟਾਂ ਵਿਚਕਾਰ ਬੁਰੀ ਤਰ੍ਹਾਂ ਘਿਰ ਗਏ ਹਨ। ਘੇਰਾ ਪਲੋ ਪਲੀ ਤੰਗ ਹੋ ਰਿਹਾ ਸੀ। ਛੇਤੀ ਸ਼ਾਮ ਹੋ ਗਈ, ਜਿਸ ਦਾ ਫ਼ਾਇਦਾ ਉਠਾਉਂਦੇ ਹੋਏ ਮਰਾਠਾ ਫ਼ੌਜਾਂ ਪਿਛਾਂਹ ਨੂੰ ਨੱਸ ਤੁਰੀਆਂ। ਇਨ੍ਹਾਂ ਅਜੇ ਪਿਠ ਮੋੜੀ ਹੀ ਸੀ ਕਿ ਖਾਲਸਿਆਂ ਤੇ ਜਾਟਾਂ ਪਿਛੋਂ ਤਾਬੜ-ਤੋੜ ਹੱਲਾ ਕਰ ਦਿਤਾ। ਸੁਲਤਾਨ ਜੀ ਲੰਬਾਟੇ ਜ਼ਖਮੀ ਕਰਕੇ ਘੋੜੇ ਤੋਂ ਭੁੰਜੇ ਡੇਗ ਲਿਆ, ਜਿਸ ਨਾਲ ਮਰਾਠਿਆਂ ਦੀ ਫ਼ੌਜ ਵਿਚ ਘਬਰਾਹਟ ਕਾਰਨ ਭਗਦੜ ਮੱਚ ਗਈ। ਇਹ ਫ਼ੌਜ ਨਸ ਕੇ ਧੌਲਪੁਰ ਦੇ ਕਿਲ੍ਹੇ ਵਿਚ ਜਾ ਵੜੀ। ਸਿੰਘ ਸਰਦਾਰ ਵੀ ਠੋਡੀਂ ਚੜ੍ਹੇ ਗਏ ਤੇ ਮਗਰੇ ਕਿਲ੍ਹੇ ਵਿਚ ਜਾ ਵੜੇ, ਮਗਰ ਹੀ ਜਵਾਹਰ ਸਿੰਘ ਜਾ ਪਹੁੰਚਿਆ। ਕਿਲ੍ਹੇ ਉਤੇ ਸਹਿਜੇ ਹੀ ਕਬਜ਼ਾ ਹੋ ਗਿਆ। ਮਰਾਠਾ ਫ਼ੌਜ ਨਿਹਥੀ ਕਰ ਦਿਤੀ। ਸਾਰੇ ਮਰਾਠਾ ਜਰਨੈਲ ਸਮੇਤ ਸੁਲਤਾਨ ਜੀ ਲੰਬਾਟੇ ਦੇ ਫੜ ਕੇ ਕਿਲ੍ਹੇ ਵਿਚ ਕੈਦ ਕਰ ਦਿਤੇ। ਇਹ ਘਟਨਾ ੧੩-੧੪ ਮਾਰਚ ੧੭੬੬ ਦੀ ਹੈ।

## ਖਾਲਸਾ ਜੀ ਵਿਸਾਖੀ ਦੇ ਪੁਰਬ ਲਈ ਵਾਪਸ ਸ੍ਰੀ ਅੰਮ੍ਰਿਤਸਰ ਨੂੰ–

ਖਾਲਸਾ ਜੀ ਦੀ ਇਸ ਵੇਲੇ-ਸਿਰ ਸਹਾਇਤਾ ਨੇ ਤੇ ਯੁਧ-ਢੰਗ ਨੇ ਜਾਟ ਰਾਜਿਆਂ ਦਾ ਹੌਸਲਾ ਬਹੁਤ ਵਧਾ ਦਿਤਾ। ਉਹ ਚਾਹੁੰਦੇ ਸਨ ਕਿ ਇਸ ਰੱਬੀ ਸਹਾਇਤਾ ਤੋਂ ਹੋਰ ਫ਼ਾਇਦਾ ਉਠਾਇਆ ਜਾਵੇ। ਉਨ੍ਹਾਂ ਚਾਹਿਆ ਕਿ ਚੰਬਲ ਨਦੀ ਟੱਪ ਕੇ ਮਲਹਾਰ ਰਾਉ ਨੂੰ ਵੀ ਇਕ ਕਰਾਰੀ ਸ਼ੱਟ ਮਾਰੀ ਜਾਏ। ਇਸ ਵਿਚ ਕੋਈ ਸ਼ਕ ਨਹੀਂ ਕਿ ਜੇ ਸਿੰਘਾਂ ਨੂੰ ਸਮਾਂ ਹੁੰਦਾ ਤਾਂ ਉਹ ਜ਼ਰੂਰ ਚੰਬਲ ਟੱਪ ਕੇ ਮਲ੍ਹਾਰ ਰਾਉ ਨਾਲ ਜੁਟਦੇ ਤੇ ਬੜੀ ਆਸਾਨੀ ਨਾਲ ਉਸ ਨੂੰ ਚਿੱਤ ਕਰ ਸੁਟਦੇ। ਪਰ ਹੁਣ ਵਿਸਾਖੀ ਦੇ ਨੇੜੇ ਆ ਜਾਣ ਕਰਕੇ ਖਾਲਸੇ ਪੰਜਾਬ ਨੂੰ ਮੁੜਨ ਲਈ ਕਾਹਲੇ ਪੈ ਰਹੇ ਸਨ ਤੇ ਇਸ ਪੁਰਬ ਉਤੇ ਸ੍ਰੀ ਅੰਮ੍ਰਿਤਸਰ ਜ਼ਰੂਰ ਪੁਜਣਾ ਚਾਹੁੰਦੇ ਸਨ। ਉਨ੍ਹਾਂ ਪਿਛਾਂਹ ਮੁੜਨ ਦੀਆਂ ਤਿਆਰੀਆਂ ਕਰ ਲਈਆਂ। ਰਾਣਾ ਗੋਹਦ ਤੇ ਜਵਾਹਰ ਸਿੰਘ ਨੇ ਬੜੀਆਂ ਰੀਝਾਂ ਤੇ ਚਾਅ ਨਾਲ ਨਜ਼ਰਾਨੇ ਭੇਟ ਕੀਤੇ, ਜੋ ਸਵੀਕਾਰ ਕਰ ਲਏ ਗਏ। ਜਵਾਹਰ ਸਿੰਘ ਆਪਣੀ ਹਦ ਤਕ ਤੋਰਨ ਲਈ ਆਇਆ ਤੇ ਵਿਦਿਆ ਕਰ ਕੇ ਵਾਪਸ ਮੁੜ ਗਿਆ। (੨)

ਸਰਦਾਰ ਜਸਾ ਸਿੰਘ ਆਹਲੂਵਾਲੀਆ, ਸ: ਜਸਾ ਸਿੰਘ ਰਾਮਗੜ੍ਹੀਆ, ਸ: ਸ਼ਾਮ ਸਿੰਘ ਕਰੋੜਾ ਸਿੰਘੀਆ, ਸ: ਤਾਰਾ ਸਿੰਘ ਗੈਬਾ, ਡਲੇਵਾਲੀਆ ਦਲ ਖਾਲਸਾ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਨੂੰ ਪਰਤ ਆਏ ਤੇ ਵਿਸਾਖੀ ਤੇ ਆਣ ਦਰਸ਼ਨ ਕੀਤੇ।

## ਦਸੰਬਰ ੧੭੬੬ ਤਕ ਇਲਾਕਿਆਂ ਦੇ ਪ੍ਰਬੰਧ ਮਜ਼ਬੂਤ ਕਰਨੇ–

੧੭੬੬ ਦੀ ਵਿਸਾਖੀ ੧੦ ਅਪ੍ਰੈਲ ਨੂੰ ਸੀ। ਇਹ ਵਿਸਾਖੀ ਸ੍ਰੀ ਅੰਮ੍ਰਿਤਸਰ ਮਨਾ ਕੇ ਸਿੰਘ ਸਰਦਾਰ ਆਪਣੇ ਆਪਣੇ ਇਲਾਕਿਆਂ ਦੇ ਪ੍ਰਬੰਧਾਂ ਲਈ ਆਪਣੇ ਆਪਣੇ ਟਿਕਾਣਿਆਂ ਨੂੰ ਤੁਰ ਗਏ। ਸਤਲੁਜ ਤੋਂ

---

(੨) ਪੇਸ਼ਵੇ ਦਫ਼ਤਰ, ੨੯ ਨੰਬਰ, ੧੨੬, ੧੨੭;
ਡਾ: ਹਰੀ ਰਾਮ ਗੁਪਤਾ–ਹਿਸਟਰੀ ਆਫ਼ ਦੀ ਸਿਖਸ, ਜਿਲਦ ਪਹਿਲੀ, ਸਫ਼ਾ ੨੪੩-੪੪


www.AKJ.Org

ਚੜ੍ਹਦੇ ਤੇ ਦਖਣ ਵਲ ਦਾ ਹਾਲ ਹੁਣੇ ਹੁਣੇ ਪਾਠਕਾਂ ਪੜ੍ਹਿਆ ਹੈ। ਹੁਣ ਸੁਣੋ ਸਤਲੁਜੋਂ ਦੂਜੇ ਪਾਸੇ ਦਾ ਹਾਲ। ਇਸ ਦੌਰ ਵਿਚ ਏਧਰ ਦੋ ਮੁਹਿੰਮਾਂ ਸਿੰਘਾਂ ਵਲੋਂ ਮਾਰੀਆਂ ਗਈਆਂ ਸਨ। ਇਕ ਮੁਹਿੰਮ ਦਾ ਆਗੂ ਹੀਰਾ ਸਿੰਘ ਨਕਈ ਸੀ ਤੇ ਦੂਜੀ ਮੁਹਿੰਮ ਮਾਰਨ ਵਾਲੇ ਭੰਗੀ ਮਿਸਲ ਦੇ ਸਰਦਾਰ ਝੰਡਾ ਸਿੰਘ ਤੇ ਗੰਡਾ ਸਨ। ਸ: ਹੀਰਾ ਸਿੰਘ ਨੇ ਪਾਕ ਪਟਨ ਉਤੇ ਚੜ੍ਹਾਈ ਕੀਤੀ। ਇਸ ਵਿਚ ਉਸ ਨੇ ਹੰਨਸ ਕਬੀਲੇ ਦੇ ਮਸ਼ਹੂਰ ਸਰਦਾਰ ਮੁਹੰਮਦ ਅਜ਼ੀਮ ਨਾਲ ਮਿਤਰਾਨਾ ਗੰਢਿਆ। ਪਾਕ ਪਟਨ ਦੇ ਨਵਾਬ ਦੀ ਸਹਾਇਤਾ ਉਤੇ ਵੱਟੂ ਕਬੀਲਾ ਆ ਗਿਆ। ਦੋਹਾਂ ਫ਼ੌਜਾਂ ਦਾ ਮੁਕਾਬਲਾ ਭੂਮਣ ਸ਼ਾਹ, ਜਿਸ ਨੂੰ ਕੁੱਤੇ ਵਾਲਾ ਵੀ ਕਹਿੰਦੇ ਹਨ, ਦੇ ਮੁਕਾਮ ਉਤੇ ਹੋਇਆ। ਇਹ ਮੁਕਾਮ ਪੁਰਾਣੇ ਸੁਹਾਗ ਵਾਲਾ ਥਾਂ ਹੈ। ਸਿਖ ਤੇ ਹੰਨਸ, ਮੁਕਾਬਲੇ ਤੇ ਪਾਕ ਪਟਨ ਵਾਲਿਆਂ ਤੋਂ ਗਿਣਤੀ ਵਿਚ ਬਹੁਤ ਥੋੜੇ ਸਨ। ਇਸ ਲੜਾਈ ਵਿਚ ਸ: ਹੀਰਾ ਸਿੰਘ ਮਾਰਿਆ ਗਿਆ ਤੇ ਸਿੰਘਾਂ ਨੂੰ ਪਿਛੇ ਹਟਣਾ ਪਿਆ। ਸ: ਹੀਰਾ ਸਿੰਘ ਤੋਂ ਪਿਛੋਂ ਉਸ ਦਾ ਪੁੱਤਰ ਸ: ਨਾਹਰ ਸਿੰਘ ਮਿਸਲ ਦਾ ਸਰਦਾਰ ਬਣਿਆ। ਉਸ ਨੇ ਆਪਣੀ ਤਾਕਤ ਥੋੜੀ ਵੇਖ ਕੇ ਲੜਾਈ ਕੁਝ ਸਮੇਂ ਲਈ ਬੰਦ ਕਰ ਦਿਤੀ। ਇਸ ਮੁਹਿੰਮ ਤੋਂ ਛੇਤੀ ਪਿਛੋਂ ਭੰਗੀ ਮਿਸਲ ਦੇ ਪ੍ਰਸਿਧ ਸਰਦਾਰ ਝੰਡਾ ਸਿੰਘ ਤੇ ਗੰਡਾ ਸਿੰਘ ਏਸੇ ਪਾਸੇ ਨੂੰ ਏਸੇ ਰਾਹੇ ਫੌਜ ਲੈ ਕੇ ਚੜ੍ਹੇ। ਉਨ੍ਹਾਂ ਆਉਂਦਿਆਂ ਹੰਨਸ ਸਰਦਾਰ ਮੁਹੰਮਦ ਅਜ਼ੀਮ ਨੂੰ ਜਿਤ ਕੇ ਉਸ ਦਾ ਇਲਾਕਾ ਕਬਜ਼ੇ ਕਰ ਲਿਆ। ਪਾਕ ਪਟਨ ਵੀ ਮਾਰ ਲਿਆ। ਇਸ ਤੋਂ ਪਿਛੋਂ ਮੁਲਤਾਨ ਦਾ ਜਾ ਘੇਰਾ ਘਤਿਆ, ਜੋ ਕਾਫ਼ੀ ਦੇਰ ਤਕ ਚਲਦਾ ਰਿਹਾ। ੧੭੬੪ ਵਿਚ ਵੀ ਭੰਗੀਆਂ ਨੇ ਮੁਲਤਾਨ ਮਾਰ ਕੇ ਸਿੰਧੋਂ ਪਾਰ ਡੇਰਿਆਂ ਦੇ ਇਲਾਕੇ ਵੀ ਜਾ ਝੰਬੇ ਸਨ। ਪਰ ਇਨ੍ਹਾਂ ਇਲਾਕਿਆਂ ਉਤੇ ਪੱਕੇ ਕਬਜ਼ੇ ਨਾ ਹੋ ਸਕੇ, ਕਿਉਂਕਿ ਏਧਰ ਅਫ਼ਗਾਨਾਂ ਦਾ ਕਾਫ਼ੀ ਜ਼ੋਰ ਸੀ। ਪਰ ਅਫ਼ਗਾਨ ਖਾਲਸਿਆਂ ਨਾਲ ਝਗੜੇ ਨੂੰ ਲੰਮਾ ਨਹੀਂ ਸਨ ਕਰਨਾ ਚਾਹੁੰਦੇ। ਦੋਹਾਂ ਧਿਰਾਂ ਨੇ ਆਪੋ ਵਿਚ ਸਮਝੌਤਾ ਕਰ ਕੇ ਪਾਕ ਪਟਨ ਤਕ ਖਾਲਸੇ ਦੀ ਹਦ ਮੰਨ ਲਈ। ([3])

## ਅਬਦਾਲੀ ਦਾ ਅਠਵਾਂ ਤੇ ਆਖ਼ਰੀ ਹਲਾ–

੧੭੬੫-੬੬ ਵਿਚ ਅਬਦਾਲੀ ਨੇ ਪੰਜਾਬ ਉਤੇ ਕੋਈ ਹਲਾ ਨਹੀਂ ਕੀਤਾ। ਅਫ਼ਗਾਨਿਸਤਾਨ ਵਿਚ ਅੰਦਰੂਨੀ ਹਾਲਾਤ ਕੁਝ ਇਸ ਕਿਸਮ ਦੀ ਸ਼ਕਲ ਅਖ਼ਤਿਆਰ ਕਰੀ ਜਾ ਰਹੇ ਸਨ ਕਿ ਅਹਿਮਦ ਸ਼ਾਹ ਇਸ ਸਥਿਤੀ ਵਿਚ ਆਪਣੇ ਮੁਲਕ ਨੂੰ ਸੁੰਞਾ ਛਡ ਕੇ ਮੁਲਕੋਂ ਬਾਹਰ ਕਿਸੇ ਮੁਹਿੰਮ ਤੇ ਨਹੀਂ ਸੀ ਚੜ੍ਹ ਸਕਦਾ। ਇਸ ਵੇਲੇ ਪੰਜਾਬ ਦੇ ਹਾਲਾਤ ਬੜੀ ਗੰਭੀਰ ਸ਼ਕਲ ਅਖ਼ਤਿਆਰ ਕਰ ਗਏ ਸਨ। ਸਿੰਘਾਂ ਨੇ ਅਬਦਾਲੀ ਦੇ ਰਾਜ ਦੀ ਪੰਜਾਬ ਵਿਚੋਂ ਸਫ ਵਲ੍ਹੇਟ ਛੱਡੀ ਸੀ। ਸਾਰੇ ਪੰਜਾਬ ਉਤੇ ਉਨ੍ਹਾਂ ਕਬਜ਼ਾ ਕਰ ਲਿਆ ਹੋਇਆ ਸੀ। ਸਿੰਧ ਤੋਂ ਲੈ ਕੇ ਜਮਨਾ ਤਕ ਇਕ ਉਂਗਲ ਭਰ ਇਲਾਕੇ ਉਤੇ ਦੁਰਾਨੀ ਦਾ ਨਾਮ-ਧ੍ਰੀਕ ਵੀ ਕਬਜ਼ਾ ਨਹੀਂ ਸੀ ਰਹਿ ਗਿਆ, ਤੇ ਨਾ ਕੋਈ ਹਾਕਮ ਹੀ ਉਸ ਦੇ ਹੁਕਮ ਵਿਚ ਸੀ। ਉਸ ਦਾ ਇਕੋ ਇਕ ਸੱਤਾ-ਧਾਰੀ ਹਮਾਇਤੀ ਨਜੀਬੁੱਦੌਲਾ ਹੀ ਸੀ, ਜੋ ਜਮਨਾ ਤੋਂ ਪਾਰ ਸੀ। ਉਹ ਵੀ ਆਪਣੇ ਗਉਂ ਨੂੰ ਓਨਾ ਚਿਰ ਹੀ ਪਖ ਪੂਰ ਸਕਦਾ ਸੀ ਜਿੰਨਾ ਚਿਰ ਉਸ ਨੂੰ ਆਪਣੇ ਵੈਰੀਆਂ ਵਿਰੁਧ ਅਹਿਮਦਸ਼ਾਹ ਤੋਂ ਕਿਸੇ ਸਹਾਇਤਾ ਦੀ ਆਸ ਸੀ। ਸ਼ਾਹ ਦਾ ਹਿੰਦੁਸਤਾਨ ਉਤੇ ਹਮਲਿਆਂ ਦਾ ਅਧਾਰ ਇਥੋਂ ਦੇ ਧਨ ਦੌਲਤ ਨੂੰ ਲੁਟਣ ਦੀ ਆਸ ਹੀ ਸੀ। ਹਮਲੇ ਲਈ ਹਿੰਦੁਸਤਾਨ ਵਿਚ ਉਸ ਨੂੰ ਸਹਾਇਤਾ ਦੇਣ ਵਾਲੇ ਤੇ ਚੋਖਾ ਮਾਲ ਹੱਥ ਆਉਣ ਦਾ ਲਾਲਚ ਹੀ ਉਸ ਨੂੰ ਏਧਰ ਚੜ੍ਹ ਆਉਣ ਲਈ ਖਿਚਦਾ ਸੀ। ਪਰ ਹੁਣ ਪੰਜਾਬ ਵਿਚ ਪਹਿਲਾਂ ਵਾਲੀ ਹਾਲਤ ਨਹੀਂ ਸੀ ਰਹੀ। ਸਿੰਘਾਂ ਨੇ ਦਿਨੋ ਦਿਨ ਏਨੀ ਤਾਕਤ ਫੜ ਲਈ ਸੀ ਕਿ ਪੰਜਾਬ ਵਿਚ ਪੈਰ ਧਰਨਾ ਉਸ ਲਈ ਔਖਾ ਹੋ ਰਿਹਾ ਸੀ। ਉਸ ਨੂੰ ਦਿਸ ਰਿਹਾ ਸੀ ਕਿ ਪੰਜਾਬ ਵਿਚ ਦੀ ਲੰਘ ਕੇ ਦਿਲੀ ਤੱਕ ਅਪੜਨਾ ਹੁਣ ਬਹੁਤ ਕਠਨ ਹੈ।

([3]) ਮੌਂਟਗੁਮਰੀ ਗਜ਼ਟੀਅਰ ਅੰਗਰੇਜ਼ੀ), ੩੧-੩੨; ਮੁਲਤਾਨ ਗਜ਼ਟੀਅਰ (ਅੰਗਰੇਜ਼ੀ), ੨੭



www.AKJ.Org

ਪਰ ਸ਼ਾਹ ਕੋਈ ਐਸਾ ਬੰਦਾ ਨਹੀਂ ਸੀ ਕਿ ਮੁਸ਼ਕਲਾਂ ਦੇ ਸਾਮ੍ਹਣੇ ਦਿਲ ਛੱਡ ਕੇ ਬੈਠ ਜਾਵੇ। ਉਸ ਨੂੰ ਮਾੜਾ ਮੋਟਾ ਬਹਾਨਾ ਵੀ ਹਮਲੇ ਲਈ ਚਾੜ੍ਹ ਲਿਆਉਣ ਲਈ ਕਾਫ਼ੀ ਹੁੰਦਾ ਸੀ। ਉਸ ਦਾ ਇਹ ਖ਼ਿਆਲ ਪੱਕਾ ਹੋ ਚੁਕਿਆ ਸੀ ਕਿ ਉਸ ਦੇ ਲਗਾਤਾਰ ਹਮਲਿਆਂ ਤੋਂ ਤੰਗ ਪੈ ਕੇ ਹੀ ਸ਼ਾਇਦ ਸਿੰਘ ਕਿਸੇ ਵੇਲੇ ਉਸ ਨਾਲ ਸਮਝੌਤੇ ਦੀ ਰਾਹ ਉਤੇ ਆ ਜਾਣ ਜਾਂ ਸਰਦਾਰਾਂ ਨੂੰ ਰਾਜਸੀ ਤਾਕਤ ਦੇ ਲਾਲਚ ਨਾਲ ਉਨ੍ਹਾਂ ਵਿਚ ਫੁਟ ਪਾ ਕੇ ਉਨ੍ਹਾਂ ਨੂੰ ਆਪਣੇ ਥਲੇ ਲਾ ਲਵੇ ਤੇ ਮੁੜ ਪੰਜਾਬ ਵਿਚ ਪੈਰ ਜਮਾ ਕੇ ਹਿੰਦੁਸਤਾਨ ਦੀ ਲੁਟ ਲਈ ਰਾਹ ਸਾਫ਼ ਕਰ ਸਕੇ। ਇਸ ਲਈ ਉਹ ਵਾਰ ਵਾਰ ਕੋਸ਼ਿਸ਼ ਕਰਦਾ ਸੀ ਕਿ ਸਿੰਘ ਨਾਮ-ਮਾਤਰ ਹੀ ਉਸ ਦੀ ਅਧੀਨਗੀ ਪਰਵਾਨ ਕਰ ਕੇ ਸਾਰਾ ਪੰਜਾਬ ਲੈ ਲੈਣ, ਇਸ ਤੋਂ ਇਲਾਵਾ ਵੀ ਜੋ ਲੈਣਾ ਹੋਵੇ ਲੈ ਲੈਣ, ਪਰ ਹਿੰਦੁਸਤਾਨ ਨੂੰ ਜਾਂਦਿਆਂ ਆਉਂਦਿਆਂ ਉਸ ਦਾ ਰਾਹ ਨਾ ਰੋਕਣ। ਉਸ ਦਾ ਮੁਖ ਨਿਸ਼ਾਨਾ ਇਹੋ ਸੀ।

ਪਰ ਸਿੰਘ ਉਸ ਦੇ ਇਸ ਵਲਾਵੇਂ ਵਿਚ ਕਦ ਆਉਣ ਵਾਲੇ ਸਨ। ਪੰਜਾਬ ਉਨ੍ਹਾਂ ਦਾ ਘਰ ਸੀ। ਆਪਣੇ ਘਰ ਦੀ ਮਾਲਕੀ ਦਾ ਪਰਵਾਨਾ ਉਹ ਅਹਿਮਦ ਸ਼ਾਹ ਤੋਂ ਕਿਉਂ ਲੈਣ? ਨਾਲੇ ਉਹ ਅਹਿਮਦ ਸ਼ਾਹ ਨੂੰ ਸਮਝਦੇ ਵੀ ਟਿਚ ਸਨ। ਏਸ਼ੀਆ ਦੇ ਉਸ ਵੇਲੇ ਦੇ ਅਜਿਤ ਜਰਨੈਲ ਨੂੰ, ਪਾਨੀਪੱਤ ਦੇ ਵਜੇਈ ਤੇ ਹਿੰਦੁਸਤਾਨ ਲਈ ਬਣੇ ਹਊਏ ਨੂੰ ਪੰਜਾਬ ਦਿਆਂ ਮੈਦਾਨਾਂ ਵਿਚ ਉਹ ਰੋਲੀ-ਮਧੋਲੀ ਫਿਰਦੇ ਸਨ, ਉਸ ਦੇ ਥਲੇ ਕਿਵੇਂ ਲੱਗ ਜਾਣ। ਕਲਗੀਧਰ ਸ਼ਹਿਨਸ਼ਾਹ ਦੀਆਂ ਬਖਸ਼ਿਸ਼ਾਂ ਤੋਂ ਬਾਅਦ ਉਨ੍ਹਾਂ ਲਈ ਅਹਿਮਦਸ਼ਾਹ ਵਰਗੇ ਲੁਟੇਰੇ ਦੀਆਂ ਰਿਆਇਤਾਂ ਕੀ ਮਾਅਨੇ ਰਖਦੀਆਂ ਸਨ? ਅਕਾਲ ਪੁਰਖ ਦੇ ਹਜ਼ੂਰ ਦੋ ਵਕਤ ਅਟੱਲ ਨਿਸਚੇ ਤੇ ਭਰੋਸੇ ਨਾਲ ਇਹ ਪੜ੍ਹਨ ਵਾਲੇ "ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ, ਖ੍ਵਾਰ ਹੋਇ ਸਭ ਮਿਲੇਂਗੇ, ਬਚੇ ਸ਼ਰਨ ਜੋ ਹੋਇ॥" ਅਹਿਮਦਸ਼ਾਹ ਦੇ ਅਧੀਨ ਹੋ ਕੇ ਕੁਝ ਮੰਗਣਾ ਕਦਾਚਿਤ ਅਸੰਭਵ ਸੀ। ਇਨ੍ਹਾਂ ਸਵਤੰਤਰ ਰੂਹਾਂ ਤੇ ਅਣਖ ਦਿਆਂ ਪੁਤਲਿਆਂ ਨੂੰ ਮਰ ਮਿਟਣਾ ਤਾਂ ਖਿੜੇ ਮਥੇ ਕਬੂਲ ਸੀ, ਪਰ ਪਰ-ਅਧੀਨਤਾ ਬਾਰੇ ਤਾਂ ਉਹ ਸੁਪਨੇ ਵਿਚ ਨਹੀਂ ਸਨ ਸੋਚ ਸਕਦੇ। ਜਿਸ ਲਈ ਦੁਰਾਨੀ ਪਾਤਸ਼ਾਹ ਦੀ ਤਾਕਤ ਤੇ ਰਾਜ ਦਾ ਲਾਲਚ ਸਿੰਘਾਂ ਨੂੰ ਰੰਚ ਮਾਤਰ ਵੀ ਥਿੜਕਾ ਨਾ ਸਕਿਆ। ਇਹੋ ਜਿਹੇ ਉਚੇ-ਸੁਚੇ ਆਚਰਨ ਤੇ ਭਰੋਸੇ ਵਾਲਿਆਂ ਵਿਚ ਅਬਦਾਲੀ ਫੁਟ ਪਾਉਣ ਵਿਚ ਬੁਰੀ ਤਰ੍ਹਾਂ ਨਾਕਾਮਯਾਬ ਹੋਇਆ (ਕਾਸ਼! ਅਜ ਦੇ ਸਿਖ ਆਗੂ ਆਪਣੇ ਵਡੇ-ਵਡੇਰਿਆਂ ਦੀਆਂ ਬੇ-ਮਿਸਾਲ ਰਵਾਇਤਾਂ ਦੇ ਬਹੁਮੁਲੇ ਵਿਰਸੇ ਤੋਂ ਕੁਝ ਤਾਂ ਸਬਕ ਸਿਖਦੇ)।

ਸ਼ਾਹ ਹਿੰਦੁਸਤਾਨ ਉਤੇ ਹੱਲੇ ਲਈ ਇਕ ਵਾਰ ਫਿਰ ਉਠਿਆ। ਇਹ ਉਸ ਦਾ ਅਠਵਾਂ ਹੱਲਾ ਸੀ। ਇਸ ਵਾਰ ਉਸ ਨੇ ਬੜੀ ਭਾਰੀ ਤਿਆਰੀ ਕੀਤੀ ਤੇ ਬਹੁਤ ਤਕੜੀ ਫ਼ੌਜ ਨਾਲ ਲਈ। (ਚਲਦਾ)

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਜਗਤਾਰ ਸਿੰਘ ਨਵੀਂ ਦਿਲੀ | ਸ: ਮਹਿੰਦਰਪਾਲ ਸਿੰਘ ਸਪੁਤਰ ਦੀ ੨੩ਵੀਂ ਬਰਸੀ ਤੇ | ੧੧–੦੦ |
| ਭਾ: ਜੁਗਿੰਦਰ ਸਿੰਘ ਤਰਨ ਤਾਰਨ | ਸ੍ਰੀਮਾਨ ਬਾਬੂ ਮਲ ਸਿੰਘ ਜੀ ਦੀ ਬਰਸੀ ਤੇ | ੨੧–੦੦ |
| ਸ: ਰੇਸ਼ਮ ਸਿੰਘ ਬੰਗਲੌਰ | ਬੱਚੀ ਸਤਿੰਦਰ ਕੌਰ ਦੇ ਜਨਮ ਦਿਨ ਦੀ ਖੁਸ਼ੀ ਵਿਚ | ੧੧–੦੦ |
| ਸ: ਮਨਜੀਤ ਸਿੰਘ ਸਮੈਥਵਿਕ (ਯੂ. ਕੇ.) | — — — | ੩–੮੦ |
| ਗਿ: ਸੁਜਾਨ ਸਿੰਘ ਨਵੀਂ ਦਿਲੀ | ਬੱਚੀ ਕਿਰਪਾਲ ਕੌਰ ਦੇ ਅਕਾਲ ਚਲਾਣੇ ਸਮੇਂ | ੨੧–੦੦ |
| ਸਿਖ ਸੰਗਤ ਸਕੂਲ ਆਫ਼ ਆਰਟਿਲਰੀ ਦੇਓਲਾਲੀ | 'ਸੂਰ' ਦੀ ਚੜ੍ਹਦੀ ਕਲਾ ਲਈ | ੧੦੧–੦੦ |
| ਸ: ਡੀ. ਐਸ. ਗਰੇਵਾਲ ਯੂ.ਕੇ. | ,, ,, ,, | ੧੬–੩੭ |
| ਸ: ਕੁਲਵੰਤ ਸਿੰਘ ਹਾਂਗਕਾਂਗ | ,, ,, ,, | ੧੦–੦੦ |
| ਸਾਰਜੈਂਟ ਮਾਤਰੀ ਟੀ. ਐਸ. | ਮਾਮੀ ਜੀ ਦੇ ਅਕਾਲ ਚਲਾਣੇ ਸਮੇਂ | ੫–੦੦ |


www.AKJ.Org

# ਭਾ: ਸਾ: ਭਾ: ਰਣਧੀਰ ਸਿੰਘ ਸਕਾਲਰਸਿਪ

## "ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਸੁਣਿ ਸਮਝਿ ਸੁਣੇਹੀ"

ਵੇਖਣ ਵਿਚ ਆਇਆ ਹੈ ਕਿ ਹਰ ਵਰਗ ਤੇ ਹਰ ਉਮਰ ਦੇ ਵਿਅਕਤੀਆਂ ਵਿਚ ਵੀਹਵੀਂ ਸਦੀ ਦੇ ਮਾਇਆਵਾਦੀ ਪ੍ਰਭਾਵ ਅਧੀਨ ਧਰਮ ਵਲੋਂ ਅਤੇ ਖ਼ਾਸ ਕਰਕੇ ਖਾਲਸਾ ਰਹਿਤ ਵਲੋਂ ਬੇਰੁਖੀ ਹੀ ਨਹੀਂ, ਸਗੋਂ ਇਸ ਤੋਂ ਬਿਲਕੁਲ ਮੂੰਹ ਮੋੜਿਆ ਜਾ ਰਿਹਾ ਹੈ। ਏਸ ਤਰ੍ਹਾਂ ਸਿਖੀ ਨੂੰ ਇਕ ਕਿਸਮ ਦੀ ਢਾਹ ਲਗੀ ਹੋਈ ਹੈ। ਨਵੀਂ ਪੁੰਗਰ ਰਹੀ ਸਿਖ ਪਨੀਰੀ ਨੂੰ ਸੰਭਾਲਣ ਲਈ ਅਤੇ ਉਨ੍ਹਾਂ ਵਿਚ ਗੁਰਬਾਣੀ ਦੇ ਪਠਨ-ਪਾਠਨ ਅਤੇ ਖ਼ਾਲਸਾ ਰਹਿਤ ਬਹਿਤ ਪ੍ਰਤੀ ਲਗਨ ਤੇ ਉਤਸ਼ਾਹ ਪੈਦਾ ਕਰਨ ਲਈ ਅਖੰਡ ਕੀਰਤਨੀ ਜਥੇ ਵਲੋਂ ਕਈ ਵਿਉਂਤਾਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਵਿਚੋਂ ਇਕ "ਭਾ: ਸਾ: ਭਾ: ਰਣਧੀਰ ਸਿੰਘ ਸਕਾਲਰਸ਼ਿਪ" ਚਾਲੂ ਕਰਨ ਦੀ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਗੁਰਮੁਖੀ ਜੀਵਨ ਨੂੰ ਇਹ ਇਕ ਤਰ੍ਹਾਂ ਨਾਲ ਗੁਰਮੱਤੀ ਸ਼ਰਧਾਂਜਲੀ ਹੈ। ਤੱਤ ਗੁਰਸਿਖੀ ਦੇ ਪ੍ਰਚਾਰ ਨਾਲ ਹਿਤ ਰਖਣ ਵਾਲੇ ਗੁਰਸਿਖਾਂ ਨੂੰ ਇਸ ਸਕੀਮ ਵਿਚ ਪੂਰਨ ਦਿਲਚਸਪੀ ਲੈਣੀ ਬਣਦੀ ਹੈ।

**ਮੰਤਵ**–ਇਸ ਸਕੀਮ ਦਾ ਮੂਲ ਮੰਤਵ ਸਿਖ ਬੱਚੇ-ਬੱਚੀਆਂ ਵਿਚ ਰਹਿਤ-ਬਹਿਤ ਪ੍ਰਤੀ ਲਗਨ ਤੇ ਉਤਸ਼ਾਹ ਪੈਦਾ ਕਰਨਾ ਹੈ।

**ਵੇਰਵਾ**–(੧) ਫ਼ਿਲਹਾਲ ਇਕ ਸਕਾਲਰਸ਼ਿਪ ਅਪਰੈਲ ੧੯੮੨ ਤੋਂ ਚਾਲੂ ਕੀਤੇ ਜਾਣ ਦਾ ਪਲਾਨ ਹੈ, ਜਿਵੇਂ ਜਿਵੇਂ ਗੁਰਸਿਖ ਇਸ ਸਕੀਮ ਵਿਚ ਦਿਲਚਸਪੀ ਲੈਣਗੇ ਅਤੇ ਆਪਣੇ ਦਸਵੰਧ ਵਿਚੋਂ ਮਾਇਆ ਇਸ ਮੰਤਵ ਲਈ ਅਰਪਨ ਕਰਨਗੇ, ਇਨ੍ਹਾਂ ਸਕਾਲਰਸ਼ਿਪਾਂ ਦੀ ਗਿਣਤੀ ਵਿਚ ਵਾਧਾ ਕੀਤਾ ਜਾਵੇਗਾ।

(੨) ਇਹ ਸਕਾਲਰਸ਼ਿਪ ੬੦-੦੦ ਰੁਪਏ ਮਹੀਨਾ ਹੋਵੇਗਾ।

(੩) ਸਕਾਲਰਸ਼ਿਪ ਸਿਖ ਬੱਚੇ ਬੱਚੀਆਂ ਦਾ ਟੈਸਟ ਲੈ ਕੇ ਸਭ ਤੋਂ ਪ੍ਰਥਮ ਆਉਣ ਵਾਲੇ ਬੱਚੇ ਨੂੰ ਦਿਤਾ ਜਾਵੇਗਾ।

(੪) ਟੈਸਟ ਵਿਚ ਭਾਗ ਲੈਣ ਲਈ ਹੇਠ ਲਿਖੀਆਂ ਯੋਗਤਾਵਾਂ ਜ਼ਰੂਰੀ ਹਨ–

(ੳ) ਕਾਲਜ ਵਿਚ ਦਾਖ਼ਲਾ ਮਿਲਿਆ ਹੋਇਆ ਹੋਵੇ।

(ਅ) ਭਾਗ ਲੈਣ ਵਾਲਾ ਬੱਚਾ/ਬੱਚੀ ਅੰਮ੍ਰਿਤਧਾਰੀ ਹੋਵੇ ਤੇ ਰਹਿਤ ਬਹਿਤ ਵਿਚ ਪਰਪੱਕ ਹੋਵੇ।

(ੲ) ਨਿਤਨੇਮ ਦੀਆਂ ਬਾਣੀਆਂ (ਜਪੁਜੀ ਸਾਹਿਬ, ਜਾਪੁ ਸਾਹਿਬ, ਸੁਧਾ ਸਵਯੇ, ਬੇਨਤੀ ਚੌਪਈ, ਅਨੰਦ ਸਾਹਿਬ, ਸੋਦਰ ਰਹਿਰਾਸ, ਸੋਹਿਲਾ) ਵਧ ਤੋਂ ਵਧ ਕੰਠ ਹੋਣ।

ਨੋਟ–ਸਭ ਤੋਂ ਜ਼ਿਆਦਾ ਬਾਣੀਆਂ ਕੰਠ ਕਰਨ ਵਾਲਾ ਬੱਚਾ ਸਕਾਲਰਸ਼ਿਪ ਦਾ ਅਧਿਕਾਰੀ ਸਮਝਿਆ ਜਾਵੇਗਾ। ਜੇ ਇਕ ਤੋਂ ਵਧ ਬੱਚਿਆਂ ਨੂੰ ਇਕੋ ਜਿੰਨੀਆਂ ਬਾਣੀਆਂ ਯਾਦ ਹੋਣ ਤਾਂ ਉਮਰੋਂ ਘਟ ਹੋਣ ਵਾਲਾ ਬੱਚਾ ਸਕਾਲਰਸ਼ਿਪ ਦਾ ਅਧਿਕਾਰੀ ਗਿਣਿਆ ਜਾਵੇਗਾ।

(੫) ਜਿਸ ਬੱਚੇ ਨੂੰ ਸਕਾਲਰਸ਼ਿਪ ਦਿਤਾ ਜਾਵੇਗਾ, ਉਸ ਦੀ ਯੋਗਤਾ ਬਾਰੇ ਹਰ ਸਾਲ ਉਸ ਨੂੰ ਕੰਠਾਗਰ ਬਾਣੀਆਂ ਦੇ ਅਤੇ ਖਾਲਸਾ ਰਹਿਤ ਬਹਿਤ ਵਿਚ ਪਰਪੱਕਤਾ ਦੇ ਆਧਾਰ ਤੇ ਰੀਵੀਊ ਕੀਤਾ ਜਾਇਆ ਕਰੇਗਾ।

(੬) ਹਰ ਸਾਲ ਜੁਲਾਈ ਵਿਚ ਇਸ ਸਕਾਲਰਸ਼ਿਪ ਵਾਸਤੇ ਦਰਖ਼ਾਸਤਾਂ ਮੰਗੀਆਂ ਜਾਇਆ ਕਰਨਗੀਆਂ। ਦਰਖ਼ਾਸਤਾਂ ਦਾ ਫ਼ਾਰਮ ਅਖੰਡ ਕੀਰਤਨੀ ਜਥੇ ਦੇ ਕੇਂਦਰੀ ਦਫ਼ਤਰ ਵਿਚੋਂ ਪ੍ਰਾਪਤ ਕੀਤੇ ਜਾ ਸਕਣਗੇ।

(੭) ਇਸ ਸਕੀਮ ਨੂੰ ਚਾਲੂ ਰਖਣ ਲਈ ਗੁਰਸਿਖਾਂ ਵਲੋਂ ਅਰਪਣ ਕੀਤੀ ਮਾਇਆ ਨੂੰ ਫ਼ਿਕਸ ਡਿਪਾਜ਼ਿਟ ਵਿਚ ਰਖ ਕੇ ਉਸ ਦੇ ਸੂਦ ਵਿਚੋਂ ਇਹ ਸਕਾਲਰਸ਼ਿਪ ਦਿਤੇ ਜਾਇਆ ਕਰਨਗੇ। ਇਸ ਸਕਾਲਰਸ਼ਿਪ ਦੇ ਜੇਤੂਆਂ ਦੀ ਜਿੰਨੀ ਗਿਣਤੀ ਵਧੇਗੀ, ਉਤਨਾ ਹੀ ਸਿਖੀ ਦਾ ਪਰਚਾਰ ਪਰਫੁਲਤ ਹੋਵੇਗਾ।



www.AKJ.Org

(੮) ਅਖੰਡ ਕੀਰਤਨੀ ਜਥੇ ਦੇ ਜਥੇਦਾਰ ਵਲੋਂ ਹੇਠ ਲਿਖੇ ਗੁਰਮੁਖ ਸਜਣਾਂ ਦੇ ਨਾਮ ਸਕਾਲਰਸ਼ਿਪ ਬੋਰਡ ਲਈ ਨਿਯੁਕਤ ਕੀਤੇ ਜਾਂਦੇ ਹਨ :–

੧. ਭਾਈ ਦਰਸ਼ਨ ਸਿੰਘ ਜੀ (ਦਿਲੀ), ੨. ਭਾਈ ਆਗਿਆ ਸਿੰਘ ਜੀ (ਕਾਨਪੁਰ), ੩. ਡਾਕਟਰ ਦਰਸ਼ਨ ਸਿੰਘ ਜੀ (ਲੁਧਿਆਣਾ), ੪. ਭਾਈ ਇੰਦਰ ਸਿੰਘ ਜੀ (ਸ਼ਿਮਲਾ), ੫. ਭਾਈ ਰਾਮ ਸਿੰਘ (ਅੰਮ੍ਰਿਤਸਰ)।

(੯) ਬੋਰਡ ਦੀ ਪਹਿਲੀ ਮੀਟਿੰਗ ਦੁਸਹਿਰਾ ਸਮਾਗਮ ਦਿਲੀ ਵਿਖੇ ਹੋਵੇਗੀ । ਇਸ ਲਈ ਬੋਰਡ ਦੇ ਸਾਰੇ ਮੈਂਬਰਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਵਿਚਾਰ-ਵਟਾਂਦਰੇ ਲਈ ਦਿਲੀ ਸਮਾਗਮ ਵਿਖੇ ਦਰਸ਼ਨ ਦੇ ਕੇ ਕਿਰਤਾਰਥ ਕਰਨ ।

(੧੦)ਸਕਾਲਰਸ਼ਿਪ ਸੰਬੰਧੀ ਸਾਰੇ ਮਸਲਿਆਂ ਵਿਚ ਬੋਰਡ ਦਾ ਫ਼ੈਸਲਾ ਅੰਤਮ ਹੋਵੇਗਾ ।

(੧੧) ਇਸ ਧਰਮ ਪ੍ਰਚਾਰ ਸਕੀਮ ਸੰਬੰਧੀ ਮਾਇਆ ਅਖੰਡ ਕੀਰਤਨੀ ਜਥੇ ਦੇ ਕੇਂਦਰੀ ਫੰਡ ਵਿਚੋਂ ਹੀ ਵਰਤੀ ਜਾਏਗੀ ਅਤੇ ਗੁਰਸਿਖਾਂ ਵਲੋਂ ਹੋਰ ਆਈ ਮਾਇਆ ਪਹਿਲਾਂ ਕੇਂਦਰੀ ਫ਼ੰਡ ਵਿਚ ਹੀ ਜਮ੍ਹਾ ਕੀਤੀ ਜਾਵੇਗੀ ।

ਇਹ ਸਕੀਮ ਗੁਰਸਿਖਾਂ ਦੇ ਸਾਹਮਣੇ ਪੇਸ਼ ਹੈ । ਇਸ ਵਿਚ ਗੁਰਸਿਖ ਫੁਲਵਾੜੀ ਦੀ ਪਰਫੁਲਤਾ ਦਾ ਭੇਤ ਲੁਕਿਆ ਹੋਇਆ ਹੈ । ਸਾਨੂੰ ਸਾਰਿਆਂ ਨੂੰ ਆਪਣਾ ਫ਼ਰਜ਼ ਪਛਾਨਣ ਦੀ ਲੋੜ ਹੈ ।

ਖਾਲਸਾ ਜੀ ਦਾ ਸੇਵਕ–ਰਾਮ ਸਿੰਘ(ਜਥੇਦਾਰ),ਅਖੰਡ ਕੀਰਤਨੀ ਜਥਾ,ਕੇਂਦਰੀ ਦਫ਼ਤਰ,ਮਾਈ ਸੇਵਾਂ,ਅੰਮ੍ਰਿਤਸਰ

# ਵਾਧੂ ਮਤਿਆਂ ਅਤੇ ਵਾਧੂ ਬਿਆਨ-ਬਾਜ਼ੀ ਤੋਂ ਬਚੋ

'ਅਜੀਤ' ਮਿਤੀ ੨੧.੭.੯੧ ਵਿਚ ਹੇਠ ਲਿਖੀ ਖ਼ਬਰ ਛਪੀ ਹੈ–

### ਅਖੰਡ ਕੀਰਤਨੀ ਜਥਾ ਫਗਵਾੜਾ ਦੀ ਮੀਟਿੰਗ

ਫਗਵਾੜਾ, ੨੧ ਜੁਲਾਈ— ਭਾਈ ਕਸ਼ਮੀਰਾ ਸਿੰਘ ਅਖੰਡ ਕੀਰਤਨੀ ਜਥਾ ਫਗਵਾੜਾ ਸੂਚਨਾ ਦਿੰਦੇ ਹਨ ਕਿ ਜਥੇ ਦੀ ਵਿਸ਼ੇਸ਼ ਇਕੱਤਰਤਾ ਪਿਛਲੇ ਦਿਨੀਂ ਸ: ਚਰਨ ਸਿੰਘ ਦੀ ਪ੍ਰਧਾਨਗੀ ਹੇਠ ਗੁ: ਇਸਤ੍ਰੀ ਸਭਾ ਗੁਰੂ ਨਾਨਕਪੁਰਾ ਫਗਵਾੜਾ ਵਿਖੇ ਹੋਈ, ਜਿਸ ਵਿਚ ਸਰਬ ਸੰਮਤੀ ਨਾਲ ਕਿਹਾ ਗਿਆ ਕਿ ਅਖੰਡ ਕੀਰਤਨੀ ਜਥਾ ਨਿਰੋਲ ਧਾਰਮਕ ਲਹਿਰ ਹੈ ਅਤੇ ਜਥੇ ਦੇ ਕਿਸੇ ਵੀ ਮੈਂਬਰ ਦਾ ਖਾਲਸਤਾਨ ਲਹਿਰ ਨਾਲ ਕੋਈ ਸਬੰਧ ਨਹੀਂ ਅਤੇ ਇਸ ਬਾਰੇ ਕੀਤੇ ਜਾ ਰਹੇ ਸ਼ਰਾਰਤ-ਪੂਰਨ ਪ੍ਰਾਪੇਗੰਡੇ ਦੀ ਨਿਖੇਧੀ ਕੀਤੀ ਗਈ । ਜਥੇ ਵਲੋਂ ਨੌਜਵਾਨਾਂ ਵਿਚ ਪਤਿਤਪੁਣੇ ਦੀ ਲਹਿਰ ਨੂੰ ਠਲ੍ਹ ਪਾਉਣ ਲਈ ਕਈ ਪ੍ਰੋਗਰਾਮ ਉਲੀਕੇ ਗਏ ।

ਅਖੰਡ ਕੀਰਤਨੀ ਜਥੇ ਦੀ ਕੇਂਦਰੀ ਸੰਸਥਾ ਵਲੋਂ ਮਹੀਨਾ ਅਪ੍ਰੈਲ ੧੯੯੧ ਦੇ 'ਸੂਰਾ' ਪਤਰ ਦੇ ਪੰਨਾ ੨੮ ਉਤੇ ਇਸ ਸੰਬੰਧ ਵਿਚ ਇਕ ਸਪੱਸ਼ਟੀਕਰਣ ਛਾਪਿਆ ਗਿਆ ਸੀ । ਉਸ ਦੇ ਹੁੰਦਿਆਂ ਸਥਾਨਕ ਜਥਿਆਂ ਵਲੋਂ ਉਪਰੋਕਤ ਕਿਸਮ ਦੀ ਬਿਆਨ-ਬਾਜ਼ੀ ਕਰਨੀ ਬੇਲੋੜੀ ਤੇ ਫਜ਼ੂਲ ਹੈ । ਇਸ ਤੋਂ ਸੰਕੋਚ ਕੀਤਾ ਜਾਵੇ ।

ਖਾਲਸਾ ਜੀ ਦਾ ਸੇਵਕ–ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਅੰਮ੍ਰਿਤਸਰ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਿਰਧ ਬੀੜਾਂ ਦਾ ਸਸਕਾਰ

### ਗੁਰਦੁਆਰਾ ਧੋਬੜੀ ਸਾਹਿਬ (ਅਸਾਮ) ਵਿਖੇ

ਭਾਰਤ ਦੇ ਪੂਰਬ ਵਲ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਧੋਬੜੀ ਸਾਹਿਬ (ਅਸਾਮ) ਵਿਖੇ "ਸਿੱਖ ਪ੍ਰਤੀਨਿਧੀ ਬੋਰਡ ਈਸਟਰਨ ਜ਼ੋਨ" ਦੀ ਅਗਵਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅੱਠ ਬਿਰਧ ਬੀੜਾਂ ਦਾ ਗੁਰਮਤਿ ਮਰਯਾਦਾ ਨਾਲ ਸਸਕਾਰ ਕੀਤਾ ਗਿਆ । ਇਹ ਬਿਰਧ ਬੀੜਾਂ ਸ਼ੀਲਾਂਗ, ਇੰਫਾਲ, ਗੁਹਾਟੀ ਤੇ ਮਰਿਆਨੀ ਆਦਿਕ ਗੁਰਦੁਆਰਾ ਸਾਹਿਬਾਨ ਤੋਂ ਏਥੇ ਲਿਆਂਦੀਆਂ ਗਈਆਂ ਸਨ । ਦੂਰ ਦੂਰ ਤੋਂ ਆਈ ਸਿੱਖ ਸਾਧ ਸੰਗਤ ਨੇ ਪਹਿਲਾਂ ਅੰਗੀਠਾ ਸਾਹਿਬ

(ਬਾਕੀ ਸਫਾ ੩੯ ਦੇ ਹੇਠ ਪੜ੍ਹੋ)



www.AKJ.Org

# ਯੂ. ਕੇ. ਵਾਸੀਆਂ ਲਈ ਤਿੰਨ ਜ਼ਰੂਰੀ ਬੇਨਤੀਆਂ

(੧) ਸਾਰੇ ਯੂ. ਕੇ. ਵਿਚ ਨਸਲੀ ਸੰਬੰਧ ਦਿਨ-ਬ-ਦਿਨ ਭਿਆਨਕ ਰੂਪ ਧਾਰਨ ਕਰਦੇ ਜਾ ਰਹੇ ਹਨ। ਹਰ ਰੋਜ਼ ਕਿਤੇ ਨਾ ਕਿਤੇ ਦਰਦਨਾਕ ਹਾਦਸਾ ਵਾਪਰਦਾ ਸੁਣਦੇ ਹਾਂ। ਹਰ ਕਾਲਾ ਤੇ ਭੂਰਾ ਬੰਦਾ ਸੋਚੀਂ ਪਿਆ ਹੋਇਆ ਹੈ। ਆਉਣ ਵਾਲੇ ਕਲ੍ਹ ਦਾ ਯਕੀਨ ਖ਼ਤਮ ਹੋ ਰਿਹਾ ਹੈ। ਇਹਦਾ ਸਿੱਧਾ ਹਲ ਦਾਸ ਦੀ ਤੁੱਛ ਬੁਧੀ ਅਨੁਸਾਰ ਗੁਰੂ ਦੁਆਰਿਓਂ ਖੰਡੇ ਦਾ ਅੰਮ੍ਰਿਤ ਛਕਣਾ ਹੈ। ਯੂ. ਕੇ. ਵਿਚ ਪੰਜ ਕਕਾਰਾਂ ਦੀ ਪੂਰੀ ਆਜ਼ਾਦੀ ਹੈ। ਹਰ ਅੰਮ੍ਰਿਤਧਾਰੀ ਸਿੰਘ ਅਤੇ ਸਿੰਘਣੀ ਗਾਤਰਾ ਕਿਰਪਾਨ ਹਰ ਸਮੇਂ, ਹਰ ਜ਼ਿੰਦਗੀ ਦੀ ਦੌੜ, ਕੰਮ ਕਾਰ, ਵਿਹਾਰ ਤੇ ਰੁਜ਼ਗਾਰ ਵਿਚ ਆਪਣੀ ਪੁਸ਼ਾਕ ਦਾ ਅੰਗ ਸਮਝ ਕੇ ਪਹਿਨ ਸਕਦਾ ਹੈ। ਫਿਰ ਕਿਉਂ ਨਾ ਅੰਮ੍ਰਿਤ ਛਕ ਕੇ ਸੁਰੱਖਿਅਤ ਹੋਈਏ। ਹੋਰਨਾਂ ਵੀਰਾਂ ਤੇ ਭੈਣਾਂ ਨੂੰ ਪ੍ਰੇਰ ਕੇ ਗੁਰਦੁਆਰੇ ਲਿਆਓ। ਅੰਮ੍ਰਿਤ ਪਾਨ ਕਰ ਕੇ ਗੁਰੂ ਦੀਆਂ ਖੁਸ਼ੀਆਂ ਲੈਣ ਤੇ "ਲੋਕ ਸੁਖੀਏ ਪਰਲੋਕ ਸੁਹੇਲੇ" ਹੋਣਗੇ।

(੨) ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਲਿਖੀ 'ਜੇਲ੍ਹ ਚਿਠੀਆਂ' ਪੁਸਤਕ (ਪੰਜਾਬੀ) ਨਵਾਂ ਐਡੀਸ਼ਨ ਛੱਪ ਕੇ ਬਹੁ ਗਿਣਤੀ ਵਿਚ ਯੂ. ਕੇ. ਪਹੁੰਚ ਚੁਕੀ ਹੈ। ਭਾਈ ਸਾਹਿਬ ਦਾ ਜੀਵਨ ਭੁੱਲੇ-ਭਟਕੇ ਬੰਦਿਆਂ ਲਈ ਚਾਨਣ-ਮੁਨਾਰੇ ਦਾ ਕੰਮ ਦਿੰਦਾ ਹੈ। ਪ੍ਰਮਾਰਥ ਦੇ ਪਾਂਧੀਆਂ ਲਈ ਇਹ ਪੁਸਤਕ ਜੇਲ੍ਹ-ਚਿਠੀਆਂ ਬਹੁਤ ਲਾਭਦਾਇਕ ਹੈ। Autobiography Bhai Randhir Singh (English) ਅਤੇ ਹੋਰ ਭਾਈ ਸਾਹਿਬ ਦੀਆਂ ਲਿਖਤ ਪੁਸਤਕਾਂ ਹੇਠ ਲਿਖੇ ਸਿਰਨਾਵੇਂ ਤੋਂ ਮਿਲ ਸਕਦੀਆਂ ਹਨ। ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ।

(੩) ਆਉ, ਇਕ-ਮੁਠ ਹੋਈਏ। ਪਿਛਲੇ ਸਾਰੇ ਗੁੱਸੇ-ਗਿਲੇ ਤਿਆਗ ਕੇ ਗੁਣਾਂ ਦੀ ਸਾਂਝ ਕਰੀਏ। ਹਰ ਪ੍ਰਾਣੀ ਵਿਚ ਗੁਣਾਂ ਨਾਲ ਅਉਗੁਣ ਜ਼ਰੂਰੀ ਹੁੰਦੇ ਹਨ। ਪੂਰਨਤਾ ਸਿਰਫ਼ ਪੂਰੇ ਗੁਰੂ ਵਿਚ ਹੀ ਹੈ। ਅਉਗੁਣ ਅਣਡਿਠ ਕਰਕੇ, ਸਤਿਗੁਰੂ ਪਾਤਸ਼ਾਹ ਦੇ ਹੁਕਮ ਦੀ ਪਾਲਣਾ ਕਰੀਏ।

"ਗੁਣਾਂ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਂਝ ਕਰੀਜੈ॥" (੭੬੫-੬੬)

ਦਾਸਰਾ–ਮਦਨ ਸਿੰਘ, ਚੀਫ ਕਨਵੀਨਰ

ਅਖੰਡ ਕੀਰਤਨੀ ਜਥਾ ਯੂ.ਕੇ. (ਰਜਿ:) ੧੧-ਅਪਾਲੋ-ਵੇ, ਪੈਰੀ ਬਾਰ, ਬਰਮਿੰਘਮ, ਫ਼ੋਨ : 021–356–7070

---

(ਸਫਾ ੩੫ ਦੀ ਬਾਕੀ)

ਤਿਆਰ ਕੀਤਾ ਤੇ ਸਾਰੀ ਸਮਗਰੀ ਜਿਵੇਂ ਦੇਸੀ ਘਿਓ, ਚੰਦਨ ਦੀਆਂ ਲਕੜਾਂ ਆਦਿਕ ਇਕੱਤਰ ਕਰ ਕੇ ਅੰਗੀਠਾ ਸਾਹਿਬ ਨੂੰ ਅਗਨੀ ਦਿਤੀ। ਉਪਰੰਤ ਇਕੱਤਰ ਹੋਈਆਂ ਸਾਰੀਆਂ ਸੰਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬਾਨ ਦੀਆਂ ਬਿਰਧ ਬੀੜਾਂ ਦਾ ਇਕ ਇਕ ਪੱਤਰਾ ਬੜੇ ਪ੍ਰੇਮ ਤੇ ਸ਼ਰਧਾ ਨਾਲ ਸਜਲ ਹੋਈਆਂ ਅੱਖਾਂ ਨਾਲ ਅੰਗੀਠਾ ਸਾਹਿਬ ਵਿਖੇ ਅਗਨੀ ਭੇਟ ਕੀਤਾ। ਜਿਤਨਾ ਚਿਰ ਸਸਕਾਰ ਹੁੰਦਾ ਰਿਹਾ ਉਤਨਾ ਚਿਰ ਸਾਰੀਆਂ ਸੰਗਤਾਂ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਕਰਦੀਆਂ ਰਹੀਆਂ।

ਸਸਕਾਰ ਹੋ ਜਾਣ ਤੋਂ ਬਾਅਦ ਕੀਰਤਨ ਹੋ ਕੇ ਕੀਰਤਨ ਸੋਹਲੇ ਤੇ ਅਨੰਦ ਸਾਹਿਬ ਦਾ ਪਾਠ ਹੋਇਆ। ਉਪਰੰਤ ਅਰਦਾਸ ਕਰਕੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਅਤੇ ਜਦ ਅੰਗੀਠਾ ਸਾਹਿਬ ਠੰਢਾ ਹੋ ਗਿਆ ਤਾਂ ਸਾਰੀਆਂ ਸੰਗਤਾਂ ਨੇ ਮਿਲ ਕੇ "ਭਸਮ" ਬੇੜੀ ਰਾਹੀਂ ਲਿਜਾ ਕੇ ਬ੍ਰਹਮਪੁਤਰ ਦਰਿਆ ਵਿਚ ਜਲ-ਪਰਵਾਹ ਕੀਤੀ।

ਅਗਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਅਖੰਡਪਾਠ ਅਰੰਭ ਕੀਤਾ ਗਿਆ ਅਤੇ ਭੋਗ ਉਪਰੰਤ ਕੀਰਤਨ ਹੋ ਕੇ ਸਮਾਪਤੀ ਹੋਈ।

ਗੁਰੂ-ਪੰਥ ਦਾ ਸੇਵਾਦਾਰ–ਜਸਵੰਤ ਸਿੰਘ ਵਿਰਦੀ ਜਾਇੰਟ ਸਕੱਤਰ,
ਸਿੱਖ ਪ੍ਰਤੀਨਿਧੀ ਬੋਰਡ ਈਸਟਰਨ ਜ਼ੋਨ, ਗੁ: ਧੋਬੜੀ ਸਾਹਿਬ (ਅਸਾਮ)



www.AKJ.Org

# ਬੋਲੀਐ ਸਚੁ ਧਰਮੁ, ਝੂਠੁ ਨ ਬੋਲੀਐ

[ਵਲੋਂ—ਬੀਬੀ ਦਲਜੀਤ ਕੌਰ ਜੀ, ਅਜੀਤ ਨਗਰ; ਸ੍ਰੀ ਅੰਮ੍ਰਿਤਸਰ]

ਬੋਲੀਐ ਸਚੁ ਧਰਮੁ, ਝੂਠੁ ਨ ਬੋਲੀਐ ॥
ਜੋ ਗੁਰੁ ਦਸੈ ਵਾਟ, ਮੁਰੀਦਾ ਜੋਲੀਐ ॥੩॥

ਆਸਾ ਸੇਖ ਫਰੀਦ ਜੀ, ਪੰਨਾ ੪੮੮

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ, ਜਹਾ ਝੂਠੁ ਤਹ ਪਾਪੁ ॥
ਜਹਾ ਲੋਭੁ ਤਹ ਕਾਲੁ ਹੈ, ਜਹਾ ਖਿਮਾ ਤਹ ਆਪਿ ॥੧੫੫॥

ਸਲੋਕ ਕਬੀਰ ਜੀ, ਪੰਨਾ ੧੩੭੨

ਇਕਿ ਕੂੜਿ ਲਾਗੇ ਕੂੜੇ ਫਲ ਪਾਏ ॥ ਦੂਜੈ ਭਾਇ ਬਿਰਥਾ ਜਨਮੁ ਗਵਾਏ ॥
ਆਪਿ ਡੁਬੇ ਸਗਲੇ ਕੁਲ ਡੋਬੇ, ਕੂੜੁ ਬੋਲਿ ਬਿਖੁ ਖਾਵਣਿਆ ॥੬॥

ਮਾਝ ਮ: ੩, ਪੰਨਾ ੧੨੩-੨੪

ਛੋਡਹੁ ਪ੍ਰਾਣੀ ਕੂੜ ਕਬਾੜਾ ॥ ਕੂੜੁ ਮਾਰੇ ਕਾਲੁ ਉਛਾਹੜਾ ॥
ਸਾਕਤ ਕੂੜਿ ਪਚਹਿ ਮਨਿ ਹਉਮੈ, ਦੁਹੁ ਮਾਰਗਿ ਪਚੈ ਪਚਾਈ ਹੈ ॥੬॥

ਮਾਰੂ ਮਹਲਾ ੧, ਪੰਨਾ ੧੦੨੫-੨੬

ਪੰਜਵੇਂ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਜੀਵਾਂ ਨੂੰ ਜਨਮ ਮਰਨ ਦੇ ਗੇੜਾਂ ਤੋਂ ਛੁਟਕਾਰਾ ਦਿਵਾ ਕੇ ਉਨ੍ਹਾਂ ਦਾ ਪਾਰ-ਉਤਾਰਾ ਕਰ ਰਹੇ ਸਨ। ਜਿਹਾ ਕਿ ਭਟਾਂ ਦੇ ਸਵੱਈਆਂ ਵਿਚ ਉਚਾਰਨ ਹੋਇਆ ਹੈ—

ਜਪਉ ਜਿਨ ਅਰਜਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ ॥੬॥ (੧੪੦੯)

ਆਪ ਜੀ ਦੀ ਸੋਭਾ ਸੁਣ ਨੇ ਇਕ ਪਿੰਡ ਦੇ ਚੋਧਰੀ ਭਾਈ ਪੁਰੀਆ ਤੇ ਭਾਈ ਚੂਹੜਾ ਆਪ ਦੇ ਦਰਬਾਰ ਵਿਚ ਹਾਜ਼ਰ ਹੋਏ। ਉਨ੍ਹਾਂ ਗੁਰੂ ਪਾਤਸ਼ਾਹ ਦੀ ਹਜ਼ੂਰੀ ਵਿਚ ਪੁਜ ਕੇ ਬੜੇ ਪਿਆਰ-ਸ਼ਰਧਾ ਨਾਲ ਮੱਥਾ ਟੇਕਿਆ ਅਤੇ ਯਥਾ ਸ਼ਕਤ ਭੇਟਾ ਰਖੀ। ਆਗਿਆ ਪਾ ਕੇ ਹਜ਼ੂਰੀ ਵਿਚ ਬੈਠ ਗਏ ਅਤੇ ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ, "ਸਤਿਗੁਰੂ ਜੀ, ਤੁਸੀਂ ਪ੍ਰਾਣੀ ਮਾਤਰ ਦੇ ਦੁਖ ਕਟਦੇ ਹੋ ਅਤੇ ਉਨ੍ਹਾਂ ਦੇ ਲੋਕ ਪਰਲੋਕ ਸਵਾਰਦੇ ਹੋ। ਅਸੀਂ ਵੀ ਆਪ ਦੀ ਸ਼ਰਨ ਆਏ ਹਾਂ। ਸਾਡੇ ਤੇ ਵੀ ਬਖਸ਼ਸ਼ ਕਰੋ ਅਤੇ ਸਾਨੂੰ ਉਪਦੇਸ਼ ਦੇ ਕੇ ਗੁਰਸਿਖੀ ਜੀਵਨ ਦੀ ਦਾਤਿ ਦਿਓ ਜੀ।

ਰੋਗੀਆਂ ਦੇ ਰੋਗ ਕਟਣਹਾਰ ਪੂਰੇ ਵੈਦ ਸਤਿਗੁਰੂ ਜੀ ਨੇ ਉਨ੍ਹਾਂ ਦੇ ਰੋਗ ਨੂੰ ਪਛਾਣਿਆ ਕਿ ਇਹ ਪਿੰਡ ਦੇ ਚੋਧਰੀ ਹੋਣ ਕਰਕੇ ਝੂਠ ਦੀਆਂ ਪੰਡਾਂ ਬੰਨ੍ਹੀ ਫਿਰਦੇ ਹਨ। ਉਨ੍ਹਾਂ ਦੇ ਰੋਗ ਨਵਿਰਤ ਕਰਨ ਲਈ ਆਪ ਜੀ ਨੇ ਅਮੋਲਕ ਬਚਨ ਕਹੇ, "ਸਜਣੋ, ਸਾਰੇ ਵਿਕਾਰਾਂ ਦੀ ਜੜ੍ਹ 'ਝੂਠ' ਹੈ, ਇਸ ਨੂੰ ਤਿਆਗਣਾ ਕਰੋ। ਇਹ ਸਭ ਤੋਂ ਵਡਾ ਪਾਪ ਹੈ। ਗੁਰੂ ਕਾ ਸਿਖ ਕਦੇ ਭੁਲ ਕੇ ਵੀ ਝੂਠ ਨਾ ਬੋਲੇ।"

ਸਤਿਗੁਰਾਂ ਦੇ ਇਹ ਬਚਨ ਸੁਣ ਕੇ ਚੌਧਰੀ ਕੰਬ ਉਠੇ ਅਤੇ ਕਹਿਣ ਲਗੇ, "ਸੱਚੇ ਪਾਤਸ਼ਾਹ! ਅਸੀਂ ਪਿੰਡ ਦੇ ਚੋਧਰੀ ਹਾਂ। ਸਾਨੂੰ ਕਈ ਤਰ੍ਹਾਂ ਦੇ ਫ਼ੈਸਲੇ ਕਰਨੇ ਪੈਂਦੇ ਹਨ ਅਤੇ ਕਈਆਂ ਦੇ ਝਗੜੇ ਨਿਬੇੜਨੇ ਪੈਂਦੇ ਹਨ। ਝੂਠ ਬੋਲੇ ਤੋਂ ਬਿਨਾਂ ਸਾਡਾ ਗੁਜ਼ਾਰਾ ਨਹੀਂ। ਇਸ ਤੋਂ ਬਿਨਾਂ ਸਾਡੀ ਚੌਧਰ ਨਹੀਂ ਚਲ ਸਕਦੀ।"

ਸਤਿਗੁਰੂ ਮੁਸਕਰਾਏ ਅਤੇ ਫੁਰਮਾਇਆ, "ਹੱਛਾ ਬਈ, ਤੁਸੀਂ ਇਉਂ ਕਰੋ ਕਿ ਪਿੰਡ ਵਿਚ ਧਰਮਸ਼ਾਲਾ ਬਣਾਓ। ਦੋਵੇਂ ਵਕਤ ਸਤਸੰਗਤ ਕਰੋ, ਬਾਣੀ ਪੜ੍ਹੋ, ਸੁਣੋ ਅਤੇ ਹੋਰਨਾਂ ਨੂੰ ਵੀ ਬਾਣੀ ਦੇ ਉਪਦੇਸ਼ ਸੁਣਾ ਕੇ


www.AKJ.Org

ਇਸ ਭਲ ਪਾਸੇ ਲਾਓ। ਪਰ ਨਾਲ ਹੀ ਇਤਨਾ ਉਦਮ ਕਰੋ ਕਿ ਜੇ ਤੁਸੀਂ ਝੂਠ ਬੋਲੇ ਤੋਂ ਬਿਨਾਂ ਰਹਿ ਨਹੀਂ ਸਕਦੇ ਤਾਂ ਕਰੋ ਕਿ ਰੋਜ਼ ਦੇ ਰੋਜ਼ ਜਿਤਨੇ ਝੂਠ ਬੋਲੇ ਜਾਂ ਪੁੰਨ-ਕਰਮ ਕਰੋ ਉਹ ਲਿਖੀ ਜਾਓ। ਅਤ ਮਹੀਨੇ ਦੋ ਮਹੀਨੇ ਬਾਅਦ ਜਦ ਵੀ ਸਾਡੇ ਪਾਸ ਆਓ, ਉਹ ਹਿਸਾਬ ਲੈ ਕੇ ਆਓ। ਸੰਗਤ ਵਿਕ ਪੁਜ ਕੇ ਉਹ ਸਾਰਾ ਹਿਸਾਬ ਸਾਨੂੰ ਸੁਣਾ ਦਿਓ, ਤਾਕਿ ਤੁਹਾਡਾ ਲੇਖਾ ਇਥੇ ਹੀ ਨਾਲੋ ਨਾਲ ਮੁਕਦਾ ਜਾਏ।''

ਦੋਹਾਂ ਪ੍ਰੇਮੀਆਂ ਨੇ ਸਤਿਗੁਰੂ ਜੀ ਦੀ ਆਗਿਆ ਅਗੇ ਸਿਰ ਨਿਵਾਇਆ ਅਤੇ ਆਗਿਆ ਲੈ ਕੇ ਪਿੰਡ ਚਲੇ ਗਏ। ਪਿੰਡ ਵਿਚ ਧਰਮਸਾਲਾ ਬਣਵਾਈ। ਦੋਵੇਂ ਵਕਤ ਸੰਗਤ ਇਕੱਠੀ ਹੁੰਦੀ। ਬਾਣੀ ਪੜ੍ਹੀ ਸੁਣੀ ਤੇ ਗਾਵੀ ਜਾਂਦੀ। ਹੁਣ ਇਹ ਚੌਧਰੀ ਜਿਤਨੇ ਝੂਠ ਰੋਜ਼ ਬੋਲਦੇ, ਆਣ ਕੇ ਲਿਖਾਂਦੇ। ਲਿਖਾਣ ਲਗਿਆਂ ਵੀ ਸ਼ਰਮ ਆਉਂਦੀ ਅਤੇ ਝੂਠ ਬੋਲਣ ਲਗਿਆਂ ਵੀ ਝਕਦੇ। ਕਦੀ ਬੋਲ ਬੈਠਦੇ ਅਤੇ ਕਦੀ ਹਟ ਜਾਂਦੇ। ਜਦੋਂ ਗੁਰੂ ਸਾਹਿਬ ਜੀ ਦੀ ਹਜ਼ੂਰੀ ਪੁਜ ਕੇ ਇਹ ਹਿਸਾਬ ਸੁਣਾਂਦੇ ਤਾਂ ਹੋਰ ਵੀ ਸ਼ਰਮਸਾਰ ਹੁੰਦੇ। ਹੁਕਮ ਬਧੀ ਦੋਵੇਂ ਚੌਧਰੀ ਗੁਰੂ ਪਾਤਸ਼ਾਹ ਦੇ ਦਰਬਾਰ ਵਿਚ ਆਪਣੇ ਬੋਲੇ ਝੂਠਾਂ ਦਾ ਚਿੱਠਾ ਤਾਂ ਪੜ੍ਹ ਕੇ ਸੁਣਾ ਦਿੰਦੇ, ਪਰ ਜਿਉਂ ਜਿਉਂ ਸੁਣਾਂਦੇ ਤਿਉਂ ਤਿਉਂ ਪਛਤਾਂਦੇ।

ਸਹਿਜੇ ਸਹਿਜੇ ਨਤੀਜਾ ਇਹ ਨਿਕਲਿਆ ਕਿ ਉਨ੍ਹਾਂ ਦੀ ਝੂਠ ਬੋਲਣ ਦੀ ਇਹ ਕੋਝੀ ਵਾਦੀ ਛੁਟ ਗਈ ਅਤੇ ਉਹ ਕੰਚਨ ਵਾਂਗ ਨਿਰਮਲ ਹੋ ਗਏ। ਫਿਰ ਸ੍ਰੀ ਗੁਰੂ ਅਮਰਦਾਸ ਜੀ ਦੇ ਬਚਨਾਂ ਅਨੁਸਾਰ ਉਨ੍ਹਾਂ ਦੀ ਇਹ ਬਿਵਸਥਾ ਬਣ ਗਈ—

ਜੀਅਹੁ ਨਿਰਮਲ ਬਾਹਰਹੁ ਨਿਰਮਲ ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥
ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥
ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥
ਕਹੈ ਨਾਨਕ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥੨੦॥

ਰਾਮਕਲੀ ਮਹਲਾ ੩ ਅਨੰਦੁ

ਇਉਂ ਸਤਿਗੁਰੂ ਦੇ ਉਪਦੇਸ਼ ਦੁਆਰਾ ਉਨ੍ਹਾਂ ਨੇ ਸੇਵਾ ਸਿਮਰਨ ਵਿਚ ਲਗ ਕੇ ਆਪਣੇ ਦੁਰਲਭ ਜਨਮ ਨੂੰ ਸਵਾਰ ਲਿਆ ਅਤੇ ਉਹ ਪਰਮ ਪਦ ਨੂੰ ਪ੍ਰਾਪਤ ਹੋਏ।

ਉਪਰੋਕਤ ਪਰਸੰਗ ਗੁਰ ਪ੍ਰਤਾਪ ਸੂਰਜ ਭਾਈ ਸੰਤੋਖ ਸਿੰਘ ਜੀ ਕ੍ਰਿਤ ਜਿਲਦ ਛੇਵੀਂ ਪੰਨਾ ੨੧੪੯ ਤੇ ਦਰਜ ਹੈ।

(੨)

ਸੱਚ ਤੇ ਝੂਠ ਦੀ ਸਹੀ ਤੌਰ ਤੇ ਸਾਰ ਜਾਣਨ ਤੇ ਨਾ ਜਾਣਨ ਦੀ ਇਕ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ-ਬ੍ਰਿਤਾਂਤ ਵਿਚ ਮਿਲਦੀ ਹੈ। ਪ੍ਰਾਣੀ ਮਾਤਰ ਦਾ ਉਧਾਰ ਕਰਦੇ ਹੋਏ ਜਦੋਂ ਦੂਜੀ ਉਦਾਸੀ ਸਮੇਂ ਸਤਿਗੁਰੂ ਜੀ ਸਿਆਲਕੋਟ ਸ਼ਹਿਰ ਦੇ ਬਾਹਰਵਾਰ ਜਾ ਟਿਕੇ ਤਾਂ ਆਪ ਜੀ ਨੇ ਭਾਈ ਮਰਦਾਨੇ ਨੂੰ ਦੋ ਪੈਸੇ ਦਿਤੇ ਤੇ ਕਿਹਾ, ਭਾਈ ਮਰਦਾਨਾ, ਸ਼ਹਿਰ ਵਿਚ ਜਾ ਅਤੇ ਇਕ ਪੈਸੇ ਦਾ 'ਝੂਠ' ਤੇ ਇਕ ਪੈਸੇ ਦਾ 'ਸੱਚ' ਲੈ ਆ। ਹੁਕਮ ਦਾ ਪਾਲਣ ਕਰਨ ਵਾਲਾ ਭਾਈ ਮਰਦਾਨਾ ਦੋ ਪੈਸੇ ਲੈ ਕੇ ਸ਼ਹਿਰ ਵਲ ਤੁਰ ਪਿਆ ਅਤੇ ਹੱਟੀ ਹੱਟੀ ਸੱਚ ਤੇ ਝੂਠ ਪੁਛਦਾ ਫਿਰੇ। ਪਰ ਕਿਸੇ ਪਾਸ ਇਹ ਸੌਦਾ ਹੋਵੇ ਤਾਂ ਉਹ ਦੇਵੇ। ਅਖ਼ੀਰ ਭਾਈ ਮੂਲੇ ਪਾਸ ਉਹ ਪੁਜਾ ਤੇ ਉਸ ਪਾਸੋਂ ਵੀ ਇਕ ਪੈਸੇ ਦਾ ਸੱਚ ਮੰਗਿਆ ਤੇ ਇਕ ਪੈਸੇ ਦਾ ਝੂਠ। ਭਾਈ ਮੂਲਾ ਸੁਣ ਕੇ ਹੋਸ਼ ਵਿਚ ਆ ਗਿਆ। ਸਮਝਿਆ ਕਿ ਇਹ ਕਿਸੇ ਮਹਾਂ ਪੁਰਸ਼ ਨੇ ਪਰਚਾ ਪਾਇਆ ਹੈ। ਉਸ ਨੇ ਇਕ ਕਾਗਜ਼ ਤੇ ਲਿਖ ਦਿਤਾ—'**ਮਰਨਾ ਸੱਚ ਤੇ ਜੀਣਾ ਝੂਠ।**' ਮਰਦਾਨਾ ਇਹ ਬਚਨ ਲਿਖਾ ਕੇ ਗੁਰੂ ਮਹਾਰਾਜ ਪਾਸ ਪੁਜਾ। ਸਤਿਗੁਰੂ ਜੀ ਪੜ੍ਹ ਕੇ ਬੜੇ ਪ੍ਰਸੰਨ ਹੋਏ ਅਤੇ ਮੂਲੇ ਨੂੰ ਆਪਣੇ ਕੋਲ ਬੁਲਾ ਕੇ ਨਿਹਾਲ ਕੀਤਾ।



www.AKJ.Org

ਮੂਲਾ ਸਤਿਗੁਰੂ ਜੀ ਦੇ ਦਰਸ਼ਨਾਂ ਤੇ ਬਚਨਾਂ ਨਾਲ ਐਸਾ ਪ੍ਰਭਾਵਤ ਹੋਇਆ ਕਿ ਉਹ ਚੁੰਬਕ-ਖਿਦ ਵਾਂਗ ਸਤਿਗੁਰਾਂ ਵਲ ਖਿਚਿਆ ਹੀ ਗਿਆ ਅਤੇ ਮਹੀਨਿਆਂ ਬਧੀ ਸਤਿਗੁਰਾਂ ਦੇ ਨਾਲ ਦੇਸਾਂ ਬਦੇਸਾਂ ਵਿਚ ਵਿਚਰਦਾ ਰਿਹਾ।

ਪਿਛੋਂ ਕਿਸੇ ਨੇ ਮੂਲੇ ਦੀ ਪਤਨੀ ਨੂੰ ਝੂਠੀ ਮੂਠੀ ਖ਼ਬਰ ਦਿਤੀ ਕਿ ਤੇਰਾ ਪਤੀ ਤਾਂ ਬਾਹਰ ਵਿਚਰਦਿਆਂ ਹੋਇਆਂ ਮਰ-ਖਪ ਗਿਆ ਹੈ। ਇਹ ਖ਼ਬਰ ਸੁਣ ਕੇ ਜਦ ਉਹ ਸਤੀ ਹੋਣ ਲਗੀ ਅਤੇ ਦੂਜੇ ਪਾਸੇ ਸਤਿਗੁਰ ਜੀ ਨੇ ਮੂਲੇ ਨੂੰ ਵੀ ਮੋਹ ਵਿਚ ਫਸਿਆ ਵੇਖਿਆ ਤਾਂ ਆਪਣੀ ਕਿਰਪਾ-ਦ੍ਰਿਸ਼ਟੀ ਨਾਲ ਉਸ ਨੂੰ ਸਿਆਲਕੋਟ ਪਹੁੰਚਾ ਦਿਤਾ।

ਤਿੰਨ ਉਦਾਸੀਆਂ ਪਿਛੋਂ ਸਤਿਗੁਰੂ ਜੀ ਕਰਤਾਰਪੁਰ ਜਾ ਟਿਕੇ ਅਤੇ ਉਥੇ ਰਹਿੰਦਿਆਂ ਹੋਇਆਂ ਪ੍ਰਾਣੀ ਮਾਤਰ ਦਾ ਉਧਾਰ ਕਰਦਿਆਂ ਧਰਮਸਾਲਾ ਤੇ ਸਤਿਸੰਗ ਵਿਚ ਲੁਕਾਈ ਨੂੰ ਜੋੜਦੇ ਰਹੇ।

ਨੌਂ ਕੁ ਸਾਲਾਂ ਪਿਛੋਂ ਸਤਿਗੁਰੂ ਜੀ ਕਰਤਾਰਪੁਰ ਤੋਂ ਚਲ ਕੇ ਅਚਲ ਵਟਾਲੇ ਦੇ ਜੋਗੀਆਂ ਅਤੇ ਮੁਲਤਾਨ ਦੇ ਪੀਰਾਂ ਦੇ ਭਰਮ-ਜਾਲ ਨੂੰ ਤੋੜਦੇ ਹੋਏ ਦੁਬਾਰਾ ਸਿਆਲਕੋਟ ਪਹੁੰਚੇ। ਇਥੇ ਸਤਿਗੁਰੂ ਜੀ ਦੇ ਕਈ ਸ਼ਰਧਾਲੂ ਰਹਿੰਦੇ ਸਨ, ਜੋ ਨਿਤ ਸਤਸੰਗ ਵਿਚ ਜੁੜਦੇ ਤੇ ਅਨੰਦ ਮਾਣਦੇ ਸਨ। ਸਤਿਗੁਰੂ ਜੀ ਦੇ ਸਿਆਲਕੋਟ ਪਹੁੰਚਣ ਤੇ ਉਨ੍ਹਾਂ ਦੇ ਸਤਸੰਗੀ ਆ ਪਹੁੰਚੇ ਅਤੇ ਨਿਤ ਸਤਸੰਗ ਹੋਣ ਲਗ ਪਏ। ਪਰ ਸਤਿਗੁਰੂ ਜੀ ਦਾ ਪ੍ਰੇਮੀ ਮੂਲਾ ਇਨ੍ਹਾਂ ਸਤਸੰਗਾਂ ਵਿਚ ਕਦੇ ਨਾ ਵੇਖਿਆ ਗਿਆ।

ਪ੍ਰੋ: ਸਾਹਿਬ ਸਿੰਘ ਜੀ "ਜੀਵਨ ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ" ਵਿਚ ਲਿਖਦੇ ਹਨ–

> "ਪਰ ਗੁਰੂ ਨਾਨਕ ਦੇਵ ਜੀ ਦਾ ਪੁਰਾਣਾ ਸ਼ਰਧਾਲੂ ਮੂਲਾ ਉਥੇ ਕਦੇ ਨਾ ਆਇਆ। ਇਹ ਜਗਤ ਬੜੀ ਤਿਲ੍ਹਕਣ-ਬਾਜ਼ੀ ਹੈ। ਮਨ ਤਿਲ੍ਹਕਦਿਆਂ ਚਿਰ ਨਹੀਂ ਲਗਦਾ। ਉਹ ਮੂਲਾ, ਜਿਸ ਨੇ ਕਦੇ ਇਹ ਆਖਿਆ ਸੀ ਕਿ ਜੀਊਣਾ ਝੂਠ ਤੇ ਮਰਨਾ ਸੱਚ ਹੈ, ਅੱਜ ਨਿਰੀ ਮਾਇਆ ਜੋੜਨ ਨੂੰ ਹੀ ਸੱਚਾ ਰਸਤਾ ਮੰਨ ਬੈਠਾ ਸੀ। ਮਾਇਆ ਨੇ ਉਸ ਨੂੰ ਇਤਨਾ ਗ੍ਰਸਿਆ ਕਿ ਮੂਲਾ ਕਦੇ ਸਤਸੰਗ ਦੇ ਨੇੜੇ ਭੀ ਨਹੀਂ ਸੀ ਢੁੱਕਦਾ।"

ਚੋਜੀ ਗੁਰੂ ਪਾਤਸ਼ਾਹ ਅੰਤ ਇਕ ਦਿਨ ਆਪ ਮਰਦਾਨੇ ਨੂੰ ਲੈ ਕੇ ਉਸ ਦੇ ਘਰ ਜਾ ਪੁਜੇ। ਮੂਲੇ ਨੂੰ ਆਵਾਜ਼ਾਂ ਮਾਰੀਆਂ ਗਈਆਂ, ਪਰ ਮਾਇਆ-ਗ੍ਰਸਿਆ ਮੂਲਾ ਅੰਦਰ ਜਾ ਕੇ ਲੁਕ ਗਿਆ ਅਤੇ ਗਿਣੀ ਮਿੱਥੀ ਸਲਾਹ ਨਾਲ ਉਸ ਦੀ ਵਹੁਟੀ ਨੇ ਬਾਹਰ ਜਾ ਕੇ ਮਰਦਾਨੇ ਨੂੰ ਕਹਿ ਦਿਤਾ ਕਿ ਉਹ ਤਾਂ ਜੀ, ਘਰ ਨਹੀਂ ਹਨ, ਕਿਤੇ ਬਾਹਰ ਗਏ ਹੋਏ ਹਨ। ਭਾਣਾ ਅਜਿਹਾ ਵਰਤਿਆ ਕਿ ਮੂਲੇ ਨੂੰ ਅੰਦਰ ਲੁਕੇ ਨੂੰ ਸੱਪ ਡਸ ਗਿਆ ਅਤੇ ਉਹ ਥਾਂ ਤੇ ਹੀ ਚਿੱਤ ਹੋ ਗਿਆ। ਇਸ ਦੀ ਮੌਤ ਦੀ ਖ਼ਬਰ ਸੁਣ ਕੇ ਸਤਿਗੁਰੂ ਜੀ ਨੇ ਫ਼ੁਰਮਾਇਆ–

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ ॥
ਮਰਣੁ ਨ ਜਾਪੈ ਮੂਲਿਆ, ਆਵੈ ਕਿਤੈ ਥਾਇ ॥੨੧॥ (੧੪੧੨)

ਮੂਲੇ ਦੇ ਲੁਕਣ ਦੀ ਅਤੇ ਉਸ ਦੀ ਵਹੁਟੀ ਦੇ ਝੂਠ ਬੋਲਣ ਦੀ ਮੰਦੀ ਕਰਤੂਤ ਨੇ ਸਾਰੇ ਆਂਢੀਆਂ ਗੁਆਂਢੀਆਂ ਨੇ, ਉਸ ਦੀ ਵਹੁਟੀ ਨੂੰ ਫਿਟਕਾਰਾਂ ਪਾਈਆਂ। ਉਹ ਪਸਚਾਤਾਪ ਵਿਚ ਸਤਿਗੁਰੂ ਜੀ ਦੇ ਚਰਨਾਂ ਵਿਚ ਹਾਜ਼ਰ ਹੋਈ ਅਤੇ ਭੁਲ ਦੀ ਮਾਫ਼ੀ ਮੰਗੀ। ਸਤਿਗੁਰੂ ਜੀ ਮਿਹਰ ਦੇ ਘਰ ਆਏ ਅਤੇ ਫ਼ੁਰਮਾਇਆ ਕਿ ਦਸਵੇਂ ਜਾਮੇ ਵਿਚ ਇਸ ਦਾ ਉਧਾਰ ਕਰਾਂਗੇ।

ਜਦੋਂ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੱਖਣ ਵਲ ਗਏ ਤਾਂ ਬਹਾਦਰ ਸ਼ਾਹ ਦੇ ਨਾਲ ਸ਼ਿਕਾਰ ਤੇ ਗਏ ਹੋਏ ਇਸ ਮੂਲੇ ਨੂੰ ਸਹੇ ਦੀ ਜੂਨ ਵਿਚ ਪਏ ਵੇਖਿਆ। ਇਸ ਦਾ ਤੀਰ ਨਾਲ ਸ਼ਿਕਾਰ ਕਰ ਕੇ ਉਸ ਦੀ ਕਲਿਆਨ ਕੀਤੀ। ਉਸ ਥਾਂ ਤੇ ਅਜ ਕਲ੍ਹ ਸ਼ਿਕਾਰ-ਘਾਟ ਗੁਰਦੁਆਰਾ ਸਸ਼ੋਭਤ ਹੋ ਰਿਹਾ ਹੈ।



www.AKJ.Org

ਚਿਠੀ
ਹੋਮ ਆਫ਼ਿਸ

**HOME OFFICE**
Queen Anne's Gate London SW1H 9AT

Direct line 01-213
Switchboard 01-213 3000

D C Mayer Esq
Secretary/Community Relations Officer
Council for Racial Equality
London Borough of Barking
The Methodist Church
London Road
BARKING, Essex

Your reference
DCM/jcm
Our reference
QPE/76 141/5/64
Date
4 June 1979

11 JUN 1979

Dear Mr Mayer

Thank you for your letter of 22 May to the Home Secretary forwarding a copy of a Resolution passed at your General Council Meeting on 25 April concerning the Sikh holy symbols - the 5 K's.

I can assure you that the police are well aware of the significance of the Sikh religious symbols. It is certainly no offence merely to carry or wear an article such as a Sikh Kara or Kirpan, though it could be an offence under the Prevention of Crime Act 1953 to use, or intend to use, such an article as an offensive weapon. (Section 1 of the Act makes it an offence for any person to have with him in a public place any offensive weapon without lawful authority or reasonable excuse. An "offensive weapon" is defined as "any article made or adapted for use for causing injury to the person or intended by the person having it with him for such use by him").

Yours sincerely

Mrs D S walters

ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਬੇਨਤੀ :-
ਅੰਮ੍ਰਿਤਧਾਰੀ ਸਿੰਘ ਹਵਾਈ ਜਹਾਜ਼ ਤੇ ਸਫਰ ਕਰਨ ਸਮੇਂ ਇਸ ਚਿਠੀ ਦੀ ਕਾਪੀ ਕੋਲ ਰਖੇ। help ਵਜੋਂ ਸਹਾਇਕ ਹੋ ਸਕਦੀ ਹੈ।

www.AKJ.Org

## ਗੁ: ਟੁੱਟੀ ਗੰਢੀ ਸ੍ਰੀ ਮੁਕਤਸਰ ਵਿਖੇ ਰੈਣ ਸਬਾਈ ਕੀਰਤਨ

ਦਾਸ ਗੁਰਦੇਵ ਸਿੰਘ ਦੇ ਗ੍ਰਿਹ ਵਿਖੇ ੧੨ ਸਤੰਬਰ ਸ਼ਨੀਵਾਰ ਸਵੇਰ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ । ਉਪਰੰਤ ੧੧ ਵਜੇ ਤਕ ਕੀਰਤਨ ਹੋਣਗੇ । ਰਾਤ ਨੂੰ ਗੁਰਦੁਆਰਾ ਸਾਹਿਬ ਟੁਟੀ ਗੰਢੀ ਸ੍ਰੀ ਮੁਕਤਸਰ ਵਿਖੇ ਰੈਣ ਸਬਾਈ ਕੀਰਤਨ ਹੋਣਗੇ । ਆਇ ਜੁੜੋ ਤੇ ਲਾਭ ਪ੍ਰਾਪਤ ਕਰੋ ਜੀ ।

ਪੁਛ ਗਿਛ--ਭਾਈ ਗੁਰਦੇਵ ਸਿੰਘ, ਮਕਾਨ ਨੰ: ੩੯੧੨, ਗਲੀ ਨਰਸਰੀ ਸਕੂਲ, ਮਲੋਟ ਰੋਡ, ਸ੍ਰੀ ਮੁਕਤਸਰ

ਦਾਸਰੇ--ਸਮੂਹ ਸੰਗਤ, ਸ੍ਰੀ ਮੁਕਤਸਰ

---

## ਫ਼ਰੀਦਕੋਟ ਵਿਖੇ ਰੈਣ ਸਬਾਈ ਕੀਰਤਨ

ਸ: ਸਤਨਾਮ ਸਿੰਘ ਡੇਅਰੀ ਵਿਕਾਸ ਅਫ਼ਸਰ ਸੂਚਨਾ ਦਿੰਦੇ ਹਨ ਕਿ ੧੯ ਸਤੰਬਰ ਸ਼ਨੀਵਾਰ ਦੀ ਰਾਤ ਨੂੰ ਗੁਰਦੁਆਰਾ ਟਿੱਲਾ ਬਾਬਾ ਫ਼ਰੀਦ ਜੀ ਨੇੜੇ ਕਿਲ੍ਹਾ ਫ਼ਰੀਦਕੋਟ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ । ਪੁਜ ਕੇ ਲਾਹੇ ਪ੍ਰਾਪਤ ਕਰੋ ਜੀ ।

---

## ਨਾਰੰਗਵਾਲ (ਲੁਧਿਆਣਾ) ਵਿਖੇ ਰੈਣ ਸਬਾਈ ਕੀਰਤਨ

ਗੁਰਦੁਆਰਾ ਅਕਾਲੀ ਵਾਲਾ ਵਿਖੇ ੧੨ ਸਤੰਬਰ ਸ਼ਨੀਵਾਰ ਸਵੇਰੇ ੫ ਤੋਂ ੧੧ ਆਸਾ ਦੇ ਵਾਰ ਦੇ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ । ਅੰਮ੍ਰਿਤ ਸਿੰਚਾਰ ਵੀ ਹੋਵੇਗਾ । ਪੁਜ ਕੇ ਲਾਹੇ ਪ੍ਰਾਪਤ ਕਰੋ ਜੀ ।

ਪੁਛ ਗਿਛ—ਮਾ: ਉਜਾਗਰ ਸਿੰਘ ਖਾਲਸਾ, ਫਰਵਾਲੀ, ਡਾਕਘਰ ਲੋਹਟਬਦੀ (ਸੰਗਰੂਰ)

---

## ਮੇਰਠ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਅਖੰਡ ਕੀਰਤਨੀ ਜਥਿਆਂ ਵਲੋਂ ਮੇਰਠ ਵਿਖੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਹੋ ਰਹੇ ਹਨ । ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ ।

| | |
|---|---|
| ੨੫ ਸਤੰਬਰ ਸਵੇਰੇ ੫ ਤੋਂ ੧੦ ਅਖੰਡ ਕੀਰਤਨ | ਗੁ: ਸ੍ਰੀ ਗੁਰੂ ਸਿੰਘ ਸਭਾ, ਥਾਪਰ ਨਗਰ, ਮੇਰਠ |
| ਸ਼ਾਮ ੭ ਤੋਂ ੯-੩੦ ਸੋਦਰ ਤੇ ਅਖੰਡ ਕੀਰਤਨ | ਗੁਰਦੁਆਰਾ ਕਲਗੀਧਰ, ਲਾਲ ਕੁੜਤੀ ,, |
| ੨੬ ਸਤੰਬਰ ਸਵੇਰੇ ੫ ਤੋਂ ੧੨ ਅਖੰਡ ਕੀਰਤਨ | ਗੁਰਦੁਆਰਾ ਸਤਿਸੰਗ ਸਦਰ ਬਜ਼ਾਰ ,, |
| ਰਾਤ ਰੈਣ ਸਬਾਈ ਕੀਰਤਨ, ਐਤਵਾਰ ਸਵੇਰੇ ਸਮਾਪਤੀ, | ਗੁ: ਸ੍ਰੀ ਗੁਰੂ ਸਿੰਘ ਸਭਾ, ਥਾਪਰ ਨਗਰ ,, |

ਰਿਹਾਇਸ਼—ਗੁ: ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ ਮੇਰਠ ਵਿਖੇ ਹੋਵੇਗੀ ।

ਪੁਛ ਗਿਛ—ਭਾਈ ਹਰਮੀਤ ਸਿੰਘ, ਗੁਜਰਾਤੀ ਏਜੰਸੀ, ਸਾਹਮਣੇ ਕੈਂਟ ਹਸਪਤਾਲ, ਮੇਰਠ ਕੈਂਟ, ਫੋਨ ੭੭੧੨੭

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ, ਮੇਰਠ

---

## ਦਿਆਲਪੁਰ ਅਖੰਡ ਕੀਰਤਨੀ ਜਥੇ ਵਲੋਂ ਕੀਰਤਨ-ਸਮਾਗਮ

ਮਾ: ਗੁਰਬਚਨ ਸਿੰਘ ਜੀ ਵਲੋਂ ਪਿੰਡਾਂ ਦਾ ਤੇ ਦਿਆਲਪੁਰ ਦਾ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਭੇਜਿਆ ਗਿਆ ਹੈ—

**ਸਤੰਬਰ** ੧—ਧੀਰਪੁਰ, ੨—ਗਿਲਾਂ, ੩—ਮਿਠਾਪੁਰ, ੪-੬ ਬਟਾਲਾ ਸਮਾਗਮ, ੭—ਡੱਲਾ (ਭੋਗਪੁਰ), ੮—ਗੁ: ਥੰਮ ਸਾਹਿਬ ਕਰਤਾਰਪੁਰ, ੯—ਭਵਾਨੀਪੁਰ ੧੦—ਸੰਗੋਵਾਲ, ੧੧—ਖੱਸਣ, ੧੨—ਚੰਡੀਗੜ੍ਹ ਰੈਣ ਸਬਾਈ, ੧੪—ਮੁਜਰ, ੧੯ ਫਗਵਾੜਾ ਰੈਣ ਸਬਾਈ ।

**ਦਿਆਲਪੁਰ ਪ੍ਰੋਗਰਾਮ**–੧੭ ਸਤੰਬਰ ਅਖੰਡਪਾਠ ਅਰੰਭ ਗੁ: ਪੱਡਿਆਂ ਵਾਲਾ, ੧੯ ਰਾਤ–ਗ੍ਰਿਹ ਡਾ: ਬਾਲ ਸਿੰਘ,੨੧ ਗ੍ਰਿਹ ਭਾ: ਸਾ: ਸੰਤੋਖ ਸਿੰਘ, ੨੩ ਰਾਤ—ਗ੍ਰਿਹ ਭਾ: ਗੁਲਜ਼ਾਰਾ ਸਿੰਘ, ੨੫—ਗ੍ਰਿਹ ਮਾਤਾ ਕਰਤਾਰ ਕੌਰ; ੨੭ ਗ੍ਰਿਹ ਬੀ: ਨਿਰੰਜਨ ਕੌਰ, ੨੯—ਗ੍ਰਿਹ ਭਾ: ਗੁਰਚਰਨ ਸਿੰਘ, ੧ ਅਕਤੂਬਰ—ਗ੍ਰਿਹ ਸ: ਆਤਮਾ ਸਿੰਘ; ੨ ਸਵੇਰ—ਭਾ: ਇੰਦਰਪਾਲ ਸਿੰਘ ਹਮੀਰਾ,੨ ਰਾਤ—ਗੁ: ਰਾਮਗੜ੍ਹੀਆ, ੩ ਬਤੂਅਕਰ ਸ਼ਾਮ ਦਿਆਲ ਪੁਰ ਅੰਮ੍ਰਿਤ-ਸਿੰਚਾਰ ।
੩ ਅਕਤੂਬਰ ਸਵੇਰੇ ਭੋਗ ਅਖੰਡਪਾਠ, ਉਪਰੰਤ ੧ ਵਜੇ ਤਕ ਕੀਰਤਨ, ਸ਼ਾਮ ੬ ਵਜੇ ਅੰਮ੍ਰਿਤ ਸਿੰਚਾਰ, ਰਾਤ ਰੈਣ ਸਬਾਈ,
ਨੋਟ—ਦਿਆਲਪੁਰ ਰੈਣ ਸਬਾਈ ਲਈ ਸ਼ਾਮ ੬ ਵਜੇ ਜਲੰਧਰ ਨਵੇਂ ਅਡੇ ਤੋਂ ਟ੍ਰਕ ਜਾਂ ਟ੍ਰਾਲੀ ਚਲੇਗੀ ।



www.AKJ.Org

## ਜਗਾਧਰੀ (ਅੰਬਾਲਾ) ਵਿਖੇ ਸਾਲਾਨਾ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਿਆਂ ਵਲੋਂ ਜਗਾਧਰੀ ਗੁ: ਸ੍ਰੀ ਗੁਰੂ ਸਿੰਘ ਸਭਾ ਲੁਹਾਰਾ ਮਹੱਲਾ ਵਿਖੇ ੨੭ ਸਤੰਬਰ ਐਤਵਾਰ ਸਵੇਰੇ ੬-੩੦ ਤੋਂ ੧੦-੩੦ ਤਕ ਅਖੰਡ ਕੀਰਤਨ ਹੋਣਗੇ ਅਤੇ ਸ਼ਾਮ ਨੂੰ ਰਹਿਰਾਸ ਸਾਹਿਬ ਤੋਂ ਉਪਰੰਤ ਰੈਣ ਸਬਾਈ ਕੀਰਤਨ ਹੋਣਗੇ। ਸੋਮਵਾਰ ਸਵੇਰੇ ਸਮਾਪਤੀ ਹੋਵੇਗੀ।

ਪੁਛ ਗਿਛ—ਭਾਈ ਕੁਲਵੰਤ ਸਿੰਘ ੫੮-ਐਫ, ਰੇਲਵੇ ਕਵਾਟਰ, ਜਗਾਧਰੀ ਸਟੇਸ਼ਨ।

ਦਾਸਰੇ—ਅਖੰਡ ਕੀਰਤਨੀ ਜਥਾ ਯਮਨਾ ਨਗਰ ਜਗਾਧਰੀ

---

## ਫਗਵਾੜਾ ਵਿਖੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ

ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਫਗਵਾੜਾ ਵਿਖੇ ੧੯ ਸਤੰਬਰ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ਦਸ ਵਜੇ ਤਕ ਕੀਰਤਨ ਹੋਣਗੇ। ਸ਼ਾਮ ਨੂੰ ਸਤ ਵਜੇ ਅੰਮ੍ਰਿਤ ਸਿੰਚਾਰ ਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਗੁ: ਸਿੰਘ ਸਭਾ ਮਾਡਲ ਟਾਊਨ ਅਡੇ ਤੋਂ ਦੋ ਫ਼ਰਲਾਂਗ ਜੀ. ਟੀ. ਰੋਡ ਉਤੇ ਤਸੀਲ ਦੇ ਸਾਹਮਣੇ ਹੈ।

ਪੁਛ ਗਿਛ—ਭਾਈ ਗੁਰਦੀਪ ਸਿੰਘ ਜੀ ਬਨੈਨਾਂ ਵਾਲੇ, ਗਾਂਧੀ ਚੌਕ, ਫਗਵਾੜਾ।

ਦਾਸਰੇ—ਅਖੰਡ ਕੀਰਤਨੀ ਜਥਾ ਫਗਵਾੜਾ-ਗੁਰਾਇਆ

---

## ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਵਿਸਾਖੀ ੧੯੭੮ ਦੇ ਸ਼ਹੀਦਾਂ ਦੀ ਯਾਦ ਵਿਚ ਹਰ ਮੰਗਲਵਾਰ ਸ਼ਾਮ ਨੂੰ ਹੋ ਰਹੇ ਸਮਾਗਮਾਂ ਦਾ ਵੇਰਵਾ—

**੧ ਸਤੰਬਰ**—ਇਕੋਲਾਹਾ ਨੇੜੇ ਖੰਨਾ, ੮ ਸਤੰਬਰ ਕੂਮ ਕਲਾਂ, ੧੫ ਸਤੰਬਰ ਪਰਤਾਪਪੁਰ ਨੇੜੇ ਫ਼ਲੌਰ. ੨੨ ਸਤੰਬਰ ਚਾਪਰਾਂ ਨੇੜੇ ਧਮੋਟ, ੨੯ ਸਤੰਬਰ ਬੁਢੇਵਾਲ ਨੇੜੇ ਕੁਹਾੜਾ।

ਦਾਸਰਾ—ਦਰਸ਼ਨ ਸਿੰਘ ਡਾਕਟਰ, ੮-੯, ਪੰਜਾਬ ਐਗਰੀਕਲਚਰ ਯੂਨੀਵਰਸਿਟੀ,ਲੁਧਿਆਣਾ

---

## ਲੁਧਿਆਣਾ ਵਿਖੇ ਸ੍ਰੀ ਅਖੰਡ ਪਾਠ ਤੇ ਅਖੰਡ ਕੀਰਤਨ ਸਮਾਗਮ

ਭਾਈ ਕਿਸ਼ਨ ਸਿੰਘ ਜੀ ਅਲੀਗੜ੍ਹ (ਜਗਰਾਉਂ) ਵਾਲੇ ਬੇਨਤੀ ਕਰਦੇ ਹਨ ਕਿ ਗੁ: ਸ੍ਰੀ ਗੁਰੂ ਸਿੰਘ ਸਭਾ ਸ੍ਰੀ ਗੁਰੂ ਤੇਗ ਬਹਾਦਰ ਨਗਰ (ਮਾਡਲ ਟਾਊਨ) ਲੁਧਿਆਣਾ ਵਿਖੇ ੪ ਅਕਤੂਬਰ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਤੋਂ ਉਪਰੰਤ ੯-੩੦ ਤਕ ਅਖੰਡ ਕੀਰਤਨ ਹੋਣਗੇ।

---

## ਕਾਨਪੁਰ ਵਿਖੇ ਸ਼ਹੀਦਾਂ ਨਮਿਤ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਭਾਈ ਮੋਹਨ ਸਿੰਘ ਜੀ ਗਾਰਡ ਸੂਚਨਾ ਦਿੰਦੇ ਹਨ ਕਿ ਕਾਨਪੁਰ ਦੇ ਸ਼ਹੀਦਾਂ ਅਤੇ ਸ਼ਹੀਦ ਜਗਜੀਤ ਸਿੰਘ ਜੀ ਦੀ ਯਾਦ ਵਿਚ "ਗੁਰੂ ਨਾਨਕ ਧਰਮਸਾਲਾ" ਕੌਸ਼ਲਪੁਰੀ ਕਾਨਪੁਰ ਵਿਖੇ ੨੬ ਸਤੰਬਰ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਆਗਰਾ, ਬਰੇਲੀ, ਲਖਨਊ ਆਦਿ ਤੋਂ ਅਖੰਡ ਕੀਰਤਨੀ ਜਥੇ ਸ਼ਾਮਲ ਹੋਣਗੇ।

---

**ਛਪਣ ਵਾਲੇ ਪ੍ਰੋਗਰਾਮ**—੨੦ ਤਰੀਕ ਤਕ ਸਾਡੇ ਪਾਸ ਪੁਚਾ ਦਿਓ। ਬਾਅਦ ਵਿਚ ਪੁਜੇ ਜੇ ਛਪਣੋਂ ਰਹਿ ਜਾਣ ਤਾਂ ਖਿਮਾ ਕਰ ਦੇਣਾ ਜੀ।

---

## ਜੋਧਪੁਰ (ਫ਼ੀਰੋਜ਼ਪੁਰ) ਵਿਖੇ ਰੈਣ ਸਬਾਈ ਕੀਰਤਨ

ਸ: ਬਲਵੰਤ ਸਿੰਘ ਜੀ ਖਾਲਸਾ ਸੂਚਨਾ ਦਿੰਦੇ ਹਨ ਕਿ ਫ਼ੀਰੋਜ਼ਪੁਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਿਆਈ ਪੁਰਬ ਸਮਾਗਮ ਜੋ ਅਕਤੂਬਰ ਦੇ ਅਖੀਰ ਵਿਚ ਹੋ ਰਹੇ ਹਨ, ਉਸ ਸੰਬੰਧ ਵਿਚ ਪਹਿਲਾਂ ਜੋਧਪੁਰ ਨੇੜੇ ਮਮਦੋਟ ਵਿਖੇ ੨੬ ਸਤੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਜੋਧਪੁਰ ਲਈ ਟਰੱਕ ਫ਼ੀਰੋਜ਼ਪੁਰ ਸ਼ਹਿਰ (ਕਾਂਸ਼ੀ ਨਗਰੀ) ਤੋਂ ਸ਼ਾਮ ਸਾਢੇ ਛੇ ਵਜੇ ਚਲੇਗਾ। ਸੰਗਤਾਂ ਲਾਹੇ ਪ੍ਰਾਪਤ ਕਰਨ।



www.AKJ.Org

## ਸ਼ਹੀਦਾਂ ਨਮਿਤ ਸ੍ਰੀ ਅੰਮ੍ਰਿਤਸਰ ਵਿਖੇ ਮਾਸਿਕ ਰੈਣ-ਸਬਾਈ

ਵੈਸਾਖੀ ੧੯੭੮ ਦੇ ਸ਼ਹੀਦਾਂ ਦੀ ਯਾਦ ਵਿਚ, ਸ਼ਹੀਦਾਂ ਦੇ ਸਸਕਾਰ-ਅਸਥਾਨ ਦੇ ਸਾਹਮਣੇ ਗੁਰਦੁਆਰਾ ਰਾਮਸਰ ਦੇ ਪੰਡਾਲ ਵਿਖੇ ੧੯ ਸਤੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

---

## ਬਟਾਲਾ (ਗੁਰਦਾਸਪੁਰ) ਵਿਖੇ ਸਾਲਾਨਾ ਕੀਰਤਨ ਪ੍ਰੋਗਰਾਮ

3 ਤੋਂ 6 ਸਤੰਬਰ ਐਤਵਾਰ ਤਕ ਹੋ ਰਹੇ ਹਨ। ਪ੍ਰੋਗਰਾਮ 'ਸੂਰਾ' ਅਗਸਤ ਵਿਚ ਵੇਖੋ

---

## ਫ਼ਿਰੋਜ਼ਪੁਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਿਆਈ ਸਮਾਗਮ

29 ਤੋਂ 31 ਅਕਤੂਬਰ ਨੂੰ ਹੋ ਰਹੇ ਹਨ। ਵੇਰਵਾ ਆਉਂਦੇ ਪਰਚੇ ਵਿਚ ਛਪੇਗਾ।

---

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਮੀਤ ਸਕੱਤਰ ਗੁਰੂ ਨਾਨਕ ਕੌਂਸਲ ਆਫ਼ ਜ਼ੈਂਬੀਆ ਅਤੇ ਸ: ਮਨਜੀਤ ਸਿੰਘ ਯੂ.ਕੇ. ਦੇ ਸਾਢੇ ਛੇ ਛੇ ਸੌ ਅਤੇ ਬਾਕੀ ਸਭ ਦੇ ਸੌ ਸੌ ਰੁਪਏ ਪੁਜੇ ਹਨ। ਬੈਂਕ ਵਿਚੋਂ ਬਣਵਾਈਆਂ ਗਈਆਂ ਐਫ ਡੀਆਂ ਦੇ ਨੰਬਰ ਇਸ ਤਰ੍ਹਾਂ ਹਨ –

| | | | | |
|---|---|---|---|---|
| 869. | ਸ: ਰਾਮ ਸਿੰਘ ਬਾਲੀ | (ਚਿਟ ਨੰ: 3869) | 215831/835/81 | ਮਿਤੀ 24.8.81 |
| 870. | ਸ: ਬੂਟਾ ਸਿੰਘ ਫਰੀਦਾਬਾਦ | ( ,, 3870) | 215832/836/81 | ,, |
| 871. | ਭਾਈ ਜੋਧ ਸਿੰਘ ਦਿੱਲੀ | ( ,, 3871) | 215833/837/81 | ,, |
| 872. | ਸ: ਸੁਖਵਿੰਦਰ ਸਿੰਘ ਗਾਜ਼ੀਆਬਾਦ | ( ,, 3872) | 215834 838/81 | ,, |
| 873. | ਸ: ਬਲਬੀਰ ਸਿੰਘ ਹੀਰਾ ਫ਼ਿਰੋਜ਼ਪੁਰ ਕੈਂਟ | ( ,, 3873) | 215835/839/81 | ,, |
| 874. | ਸ: ਗੁਰਬੰਤ ਸਿੰਘ ਮੰਗਤਪੁਰ | ( ,, 3874) | 215836/840/81 | ,, |
| 875. | ਗੁਰੂ ਨਾਨਕ ਟੈਕਸਟਾਈਲ | ( ,, 3875) | 215837/841/81 | ,, |
| 876. | ਸ: ਲਾਭ ਸਿੰਘ ਗੁਰਕਿਰਪਾਲ ਸਿੰਘ | ( ,, 3876) | 215838/842/81 | ,, |
| 877. | ਮੀਤ ਸਕੱਤ੍ਰ ਗੁਰੂ ਨਾਨਕ ਕੌਂਸਲ ਜ਼ੈਂਬੀਆ | ( ,, 2003) | 215839/843/81 | ,, |
| 878. | ਸ: ਬਚਿੱਤਰ ਸਿੰਘ S/o ਸ: ਤੇਜਾ ਸਿੰਘ | ( ,, 3878) | 215840/844/81 | ,, |
| 879. | J. W. O ਏ. ਐਸ. ਖੁਰਾਣਾ | ( ,, 3879) | 215841/845/81 | ,, |
| 880. | ਸ: ਮਨਜੀਤ ਸਿੰਘ ਯੂ. ਕੇ. | ( ,, 2159) | 315842/846/81 | ,, |
| 881. | ਬੀਬੀ ਹਰਬੰਸ ਕੌਰ ਪਥਰਾਲਾ | ( ,, 3881) | 215843/847/81 | ,, |
| 882. | ਸ: ਰੁਪਿੰਦਰ ਸਿੰਘ ਫਿਰੋਜ਼ਪੁਰ ਸ਼ਹਿਰ | ( ,, 3882) | 215844/848/81 | ,, |
| 883. | ਸ: ਦਵਿੰਦਰ ਸਿੰਘS/oਸ: ਬਲਬੀਰ ਸਿੰਘ | ( ,, 3883) | 215845/849/81 | ,, |
| 884. | ਗੁਰਦਵਾਰਾ ਗੁਰੂ ਨਾਨਕ ਸਿੰਘ ਸਭਾ, ਭੁਜ | ( ,, 3884) | 215846/850/81 | ,, |
| 885. | ਸ: ਰਾਜਿੰਦਰ ਸਿੰਘ ਬੰਗਾ | ( ,, 3885) | 215847/851/81 | ,, |
| 886. | ਸ: ਅਮਰਜੀਤ ਸਿੰਘ ਚੰਡੀਗੜ੍ਹ | ( ,, 3886) | 215848/852/81 | ,, |
| 887. | ਸ: ਕੇਹਰ ਸਿੰਘC/oਐਟਮ ਇੰਜ: ਕਾਰਪੋ: | ( ,, 3887) | 215849/853/81 | ,, |
| 888. | ਸ: ਗਿਆਨ ਸਿੰਘ ਭੇੜਾ ਪਬਿਆਲ | ( ,, 3888) | 215850/854/81 | ,, |

www.AKJ.Org

# ਦਿਲੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

## ਬੁਧਵਾਰ ਸਵੇਰੇ 7 ਤੋਂ 11 ਅਕਤੂਬਰ 1981 ਐਤਵਾਰ ਸਵੇਰ ਤਕ

ਸਦਾ ਵਾਂਗ ਸਤਿਗੁਰੂ ਸਚੇ ਪਾਤਸ਼ਾਹ ਜੀ ਦੀ ਬਖਸ਼ਸ਼ ਦਾ ਸਦਕਾ ਗੁਰਪੁਰ ਵਾਸੀ ਪੰਥ ਰਤਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਕੀਰਤਨੀ ਜਥੇ 6 ਅਕਤੂਬਰ ਮੰਗਲਵਾਰ ਸ਼ਾਮ ਨੂੰ ਦਿਲੀ ਪੁਜ ਰਹੇ ਹਨ। ਸਮੂਹ ਦੇਸ ਪਰਦੇਸ ਦੀਆਂ ਸੰਗਤਾਂ ਕੀਰਤਨ ਸਮਾਗਮਾਂ ਦੇ ਰਸ ਮਾਣਨ ਲਈ ਆਇ ਦੀਦਾਰ ਬਖਸ਼ਣ।

| | ਕੀਰਤਨ ਆਸਾ ਦੀ ਵਾਰ (ਆਰੰਭ ਸਵੇਰੇ ਪੰਜ ਵਜੇ) | ਸੋਦਰ ਤੇ ਕੀਰਤਨ (ਸ਼ਾਮ 7 ਤੋਂ 9) |
|---|---|---|
| 7 ਅਕਤੂਬਰ | ਗੁ: ਸ੍ਰੀ ਗੁਰੂ ਸਿੰਘ ਸਭਾ ਕਰੋਲ ਬਾਗ | ਗੁਰਦੁਆਰਾ ਬੰਗਲਾ ਸਾਹਿਬ |
| 8 ,, | ਗੁਰਦੁਆਰਾ ਬੰਗਲਾ ਸਾਹਿਬ | ,, ,, ,, |
| 9 ,, | ਗੁਰਦੁਆਰਾ ਸੀਸ ਗੰਜ | ,, ,, ,, |
| 10 ,, | ਗੁਰਦੁਆਰਾ ਬੰਗਲਾ ਸਾਹਿਬ | ਰੈਣ ਸਬਾਈ 7 ਵਜੇ ਅਰੰਭ ਗੁ: ਰਕਾਬ ਗੰਜ ਸਾਹਿਬ |

ਅੰਮ੍ਰਿਤ ਸਿੰਚਾਰ : 10 ਅਕਤੂਬਰ ਸ਼ਨੀਵਾਰ ਦਿਨੇ ਦੋ ਵਜੇ ਗੁ: ਰਕਾਬਗੰਜ ਵਿਖੇ। (11 ਅਕਤੂਬਰ ਸਵੇਰੇ 6 ਵਜੇ ਸਮਾਪਤੀ)

ਨਿਵਾਸ ਅਸਥਾਨ : ਸ੍ਰੀ ਗੁਰੂ ਤੇਗ ਬਹਾਦਰ ਖਾ: ਹਾ: ਸੈਕੰਡਰੀ ਸਕੂਲ, ਦੇਵ ਨਗਰ, ਕਰੋਲ ਬਾਗ, ਨਵੀਂ ਦਿਲੀ।

ਪੁਛ ਗਿਛ : ਨੰਬਰ ਬੀ-2/8, ਪੇਸ਼ਵਾ ਰੋਡ, ਨਵੀਂ ਦਿਲੀ (ਫ਼ੋਨ 345416) ਦਾਸਰੇ-ਅਖੰਡ ਕੀਰਤਨੀ ਜਥਾ, ਦਿਲੀ

---

# ਚੰਡੀਗੜ੍ਹ ਵਿਖੇ ਮਹਾਨ ਅਖੰਡ ਕੀਰਤਨ ਸਮਾਗਮ

## 9 ਸਤੰਬਰ ਬੁਧਵਾਰ ਤੋਂ 13 ਸਤੰਬਰ ਐਤਵਾਰ ਸਵੇਰ ਤਕ

ਸਰਬ ਸ੍ਰਿਸ਼ਟੀ ਵਿਚ ਸਦੀਵੀ ਗੁਰੂ ਸਤਾ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪ੍ਰਕਾਸ਼ ਗੁਰਪੁਰਬ ਦੇ ਸੰਬੰਧ ਵਿਚ ਚੰਡੀਗੜ੍ਹ ਵਿਖੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਹੋ ਰਹੇ ਹਨ, ਜਿਸ ਵਿਚ ਭਾਰਤ ਭਰ ਵਿਚ ਅਖੰਡ ਕੀਰਤਨੀ ਜਥਿਆਂ ਨੂੰ ਸੱਦੇ ਦਿਤੇ ਗਏ ਹਨ। ਅੰਮ੍ਰਿਤ-ਬਾਣੀ ਦੇ ਸ੍ਰੀ ਅਖੰਡਪਾਠ ਅਤੇ ਅਖੰਡ-ਕੀਰਤਨ ਸਮਾਗਮਾਂ ਦੇ ਰਸ ਮਾਨਣ ਲਈ ਦਰਸ਼ਨ ਦੀਦਾਰੇ ਬਖਸ਼ੋ ਜੀ।

| | | |
|---|---|---|
| 9 ਸਤੰਬਰ | ਸਵੇਰੇ 4 ਤੋਂ 6 ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡ ਪਾਠ ਅਰੰਭ | ਰਾਮਗੜ੍ਹੀਆ ਭਵਨ, ਸੈਕਟਰ 27-ਡੀ |
| 11 ,, | ਸਵੇਰੇ 5 ਵਜੇ ਭੋਗ ਅਖੰਡ ਪਾਠ, ਉਪਰੰਤ 12 ਵਜੇ ਤਕ ਅਖੰਡ ਕੀਰਤਨ | ... ... ... |
| | ਸ਼ਾਮ 7 ਤੋਂ 9 ਅਖੰਡ ਕੀਰਤਨ | ... ... ... |
| 12 ,, | ਸਵੇਰੇ 5 ਤੋਂ 12-30 ਅਖੰਡ ਕੀਰਤਨ | ਗੁਰਦੁਆਰਾ ਸੈਕਟਰ 22-ਡੀ |
| | ਸ਼ਾਮ 4 ਵਜੇ ਅੰਮ੍ਰਿਤ-ਸਿੰਚਾਰ ਅਰੰਭ | ਗੁਰਦੁਆਰਾ ਸੈਕਟਰ 19-ਡੀ |
| | ਸ਼ਾਮ 7 ਵਜੇ ਰੈਣ ਸਬਾਈ ਕੀਰਤਨ, ਅਰੰਭ, 13 ਸਤੰਬਰ ਸਵੇਰੇ ਸਮਾਪਤੀ | ,, ,, ,, |

ਨੋਟ - ਰਿਹਾਇਸ਼ ਰਾਮਗੜ੍ਹੀਆ ਭਵਨ 27-D/ ਨਗਲਾ ਬਸ ਸਟੈਂਡ ਦੇ ਨੇੜੇ, ਵਡੇ ਬਸ ਅੱਡੇ ਤੋਂ ਢਾਈ ਕਿਲੋ ਮੀਟਰ ਹੈ, ਅਡੇ ਤੋਂ ਬਸ ਨੰ: 30 ਅਤੇ ਅੱਡੇ ਤੋਂ ਬਾਹਰ ਪਟਰੋਲ ਪੰਪ ਕੋਲੋਂ 8 ਤੇ 31 ਨੰਬਰ ਬਸ ਲਓ। ਆਪਣੇ ਬਿਸਤਰੇ ਨਾਲ ਲਿਆਓ ਜੀ।

ਪੁਛ ਗਿਛ—ਭਾ: ਨਿਰੰਜਨ ਸਿੰਘ, 1285 ਸੈਕਟਰ 21-ਬੀ, ਚੰਡੀਗੜ੍ਹ, ਫ਼ੋਨ ਨੰ: 29121

ਦਾਸਰੇ-ਅਖੰਡ ਕੀਰਤਨੀ ਜਥਾ, ਚੰਡੀਗੜ੍ਹ

---

'ਸੂਰਾ' ਮਾਸਕ ਪੱਤਰ, ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

Title: NAVKETAN Ptg. Press, Asr.

www.AKJ.Org